੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥


# ਖਾਲਸਾ ਸਮਾਚਾਰ
# Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

## ਭਾਈ ਵੀਰ ਸਿੰਘ ਵਿਸ਼ੇਸ਼ ਅੰਕ

ਫ਼ੀ ਪਰਚਾ 5/-
ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.

ਅੰਕ ੨੩ ਜਿਲਦ ੩੧ ੧੦-੧੬ ਜੂਨ ੨੦੨੧, ੨੮ ਜੇਠ-੨ ਹਾੜ ੨੦੭੮ ਨਾਨਕਸ਼ਾਹੀ ਸੰਮਤ ੫੫੩
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 23 Volume 31, 10-16 June 2021
Yearly Subscription India 250/-, Abroad 2500/- and Life Membership India 2500/-, Abroad 25000/-



'ਯਾਦ ਸਜਣ ਦੀ' ਹਰਦਮ ਰਹਿੰਦੀ ਲਹਿ ਗਈ ਡੂੰਘੇ ਥਾਂਈਂ,
ਵਾਂਗ ਸੰਗੀਤ ਲਹਿਰਦੀ ਅੰਦਰ ਬਣ ਗਈ ਰਾਗ ਇਲਾਹੀ।
ਦਾਰੂ ਵਾਂਗ ਸਰੂਰ ਚਾੜ੍ਹਦੀ, ਤਰਬ ਵਾਂਗ ਥਰਰਾਵੇ,
ਖਿੱਚੇ ਤੇ ਰਸ-ਭਿੰਨੀ ਕਸਕੇ--ਲੱਗੇ ਫਿਰ ਸੁਖਦਾਈ।

ਅੰਦਰ


- ਸੰਪਾਦਕੀ 3
- **ਲਹਿਰਾਂ ਦੇ ਹਾਰ** ਵਿਚ ਦਰਸ਼ਨ-ਤਾਂਘ 4
- ਕੁਦਰਤ ਦਾ ਰਾਗ 5
- Bhai Vir Singh's Perception of Womanhood 7
- ਭਾਈ ਵੀਰ ਸਿੰਘ ਸਾਹਿਤ ਵਿਚ ਨਾਰੀ ਬਿੰਬ 9
- ਸਰਗਰਮੀਆਂ 11
- ਝਲਕੀਆਂ 12


# ਆਤਮਕ ਵੈਦ



ਸਤਿਕਾਰਯੋਗ ਸ੍ਰੀਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਆਪਣਾ ਜੀਵਨ ਗੁਰੂ ਬਾਣੀ ਦੀ ਰੌਸ਼ਨੀ ਵਿੱਚ ਬਿਤਾ-ਇਆ ਸੀ ਤੇ ਸਤਿਗੁਰਾਂ ਦੀ ਮਿਹਰ ਬੀ ਆਪ ਪਰ ਵਾਫ਼ਰ ਸੀ, ਜਿਸ ਕਰਕੇ ਅਮੁੱਲ ਆਤਮਕ ਗਿਆਨ ਦੇ ਆਪ ਭੰਡਾਰੀ ਸਨ। ਇਹ ਗੁਰੂ ਦੀ ਦਾਤ ਆਪ ਨੇ ਆਪਣੀ ਕਲਮ ਰਾਹੀਂ ਲਿਖੀ ਆਪਣੀ ਰਸਾਲ ਰਚਨਾ ਵਿੱਚ ਖੁੱਲ੍ਹੀ ਡੁੱਲ੍ਹੀ ਵੰਡੀ ਹੈ। ਆਪ ਦੀ ਆਤਮਕ ਪਾਰਦਰਸ਼ਕ ਦ੍ਰਿਸ਼ਟੀ ਇੰਨੀ ਵਿਸ਼ਾਲ ਸੀ ਕਿ ਕੋਈ ਆਵੇ, ਉਸ ਦੇ ਚਿਹਰੇ ਤੋਂ ਤੱਕ ਕੇ ਹੀ ਭਾਂਪ ਲੈਂਦੇ ਸਨ ਕਿ ਇਹ ਕਿਸ ਦਸ਼ਾ ਦਾ ਰੋਗੀ ਹੈ, ਤਨ ਦਾ ਰੋਗੀ ਹੈ ਕਿ ਮਨ ਦਾ ਤੇ ਉਹ ਰੋਗ ਕਿਸ ਹੱਦ ਤੱਕ ਪਹੁੰਚ ਚੁਕਾ ਹੈ। ਦੂਸਰੇ ਗੱਲ-ਬਾਤ ਵੀਚਾਰ ਵਿੱਚ ਸਤਿਗੁਰੂ ਜੀ ਨੇ ਆਪ ਨੂੰ ਗੁਫਤਗੂ ਦਾ ਐਸਾ ਸੁਲਝਿਆ ਹੋਇਆ ਤੇ ਪ੍ਰਾਗੱਲਭ ਤਰੀਕਾ ਬਖਸ਼ਿਆ ਹੋਇਆ ਸੀ ਕਿ ਹਰ ਸੰਸਾਕਰਤਾ ਨੂੰ ਬੜੇ ਸੁਹਣੇ ਸਪਸ਼ਟ ਤੇ ਮੋਟੇ ਠੁੱਲੇ ਪ੍ਰਮਾਣ ਦ੍ਰਿਸ਼ਟਾਂਤ ਦੇ ਕੇ ਉਸ ਦੀ ਪੂਰੇ ਤੌਰ ਤੇ ਸੰਸੇ ਨਵਿਰਤੀ ਕਰ ਦਿੰਦੇ ਤੇ ਇਕ ਪੂਰਾ ਤਜਰਬੇਕਾਰ ਸਫਲ ਵੈਦ ਵਾਂਗ ਰੋਗੀ ਦਾ ਅਚੂਕ ਇਲਾਜ ਕਰਨ ਵਿਚ ਸਫਲ ਹੁੰਦੇ। ਭਾਵੇਂ ਇਸ ਪ੍ਰਕਾਰ ਦੇ ਇਲਾਜ ਆਪ ਦੀ ਸਮੁੱਚੀ ਰਚਨਾ ਵਿੱਚ ਥਾਂ ਥਾਂ ਦਿੱਤੇ ਆਪ ਦੇ ਪ੍ਰਸ਼ਨੋਤਰੀ ਢੰਗਾਂ ਵਿੱਚ ਲਿਖੇ ਹੋਏ ਮੌਜੂਦ ਹਨ, ਇਥੇ ਇਕ ਵਾਕਯਾਤ ਦਾ ਉਲੇਖ ਕਰਨਾ ਜ਼ਰੂਰੀ ਵਾਜਬ ਹੋਵੇਗਾ।

ਇਕ ਵਾਰ ਸ੍ਰੀ ਦਰਬਾਰ ਸਾਹਿਬ ਹਰੀਮੰਦਰ ਦੇ ਹਜ਼ੂਰੀ ਰਾਗੀ ਸਿੰਘ ਆਪ ਨੂੰ ਮਿਲਣ ਆਏ, ਨਾਲ ਉਨ੍ਹਾਂ ਦੇ ਇਕ ਮਾੜੂਆ ਜਿਹਾ ਉਨ੍ਹਾਂ ਦਾ ਜੋਟੀਦਾਰ ਨੌਜਵਾਨ ਸਿੰਘ ਸੀ, ਜਿਸ ਦੀ ਧੌਣ ਸਿੱਟੀ ਹੋਈ, ਮੁਰਦੜਾ ਜਿਹਾ ਸਰੀਰ ਤੇ ਚਿਹਰਾ ਉਤਰਿਆ ਹੋਇਆ ਸੀ। ਗੱਲ ਬਾਤ

ਸ੍ਰੀ ਹਰਿਮੰਦਰ ਸਾਹਿਬ ਜੀ ਦੀ ਮਹਿਮਾ ਤੇ ਓਥੇ ਦੇ ਪ੍ਰਵਾਣ ਕੀਰਤਨ ਦੀ ਸੇਵਾ ਦੇ ਵਿਸ਼ੇ ਤੇ ਚੱਲ ਰਹੀ ਸੀ। ਜਦ ਗੱਲ ਬਾਤ ਦਾ ਸਿਲਸਿਲਾ ਕਿਸੇ ਟਿਕਾਣੇ ਜਾਕੇ ਮੁੱਕਾ ਤਾਂ ਉਸ ਸਿੰਘ ਨੇ ਕਿਹਾ ਕਿ ਮੇਰਾ ਬੀ ਕੋਈ ਇਲਾਜ ਕਰੋ, ਮੇਰਾ ਚਿਤ ਸ੍ਰੀ ਹਰਿਮੰਦਰ ਸਾਹਿਬ ਵਿੱਚ ਕੀਰਤਨ ਪਰ ਹਾਜ਼ਰ ਹੋਣ ਤੇ ਬੀ ਨਹੀ ਲੱਗਦਾ ਤੇ ਨਾ ਹੀ ਨਾਮ ਸਿਮਰਨ ਵਿੱਚ ਉਤਸ਼ਾਹ ਫੜਦਾ ਹੈ। ਆਪ ਨੇ ਪੁੱਛਿਆ : ਅਭਯਾਸ ਕੀ ਕਰਦੇ ਹੋ? ਉਸ ਨੇ ਦੱਸਿਆ ਕਿ ਇਕ ਸੰਤ ਜੀ ਨੇ ਇਸ ਰਾਹੇ ਟੋਰਿਆ ਸੀ ਕਿ ਧਿਆਨ ਲਾਕੇ ਅੰਦਰ ਚਿਤ ਇਕਾਗਰ ਕਰਕੇ ਨਾਮ ਜਪਿਆ ਕਰੋ, ਪਰ ਜੀਭ ਨਹੀ ਹਿਲਾਉਣੀ। ਪਹਿਲੋ ਤਾਂ ਇਸਦਾ ਬੜਾ ਰਸ ਆਯਾ, ਇਕਾਗਰਤਾ ਬੀ ਬੜੀ ਪ੍ਰਾਪਤ ਹੋ ਗਈ, ਪਰ ਹੁਣ ਕੋਈ ਸੁਆਦ ਨਹੀ, ਚਿਤ ਉਤਸ਼ਾਹਹੀਨ, ਉਦਾਸ ਤੇ ਨਿਸੱਤਾ ਰਹਿੰਦਾ ਹੈ।

ਆਪ ਨੇ ਕਿਹਾ : ਚੰਗਾ ਹੋਵੇ ਕਿ ਤੁਸੀ ਆਪਣੇ ਉਹਨਾਂ ਸੰਤਾਂ ਨੂੰ ਇਹ ਰੋਗ ਦੱਸੋ ਤੇ ਉਹਨਾਂ ਤੋਂ ਅਗੁਵਾਈ ਲਵੋ ਤੇ ਉਹੋ ਹੀ ਇਲਾਜ ਕਰਨ। ਪਰ ਉਸ ਨੇ ਇਸਰਾਰ ਕੀਤਾ ਕਿ ਆਪ ਦੀਆਂ ਅੱਜ ਦੀਆਂ ਗੱਲਾਂ ਨੇ ਮੇਰੇ ਦਿਲ ਵਿੱਚ ਹਰਿਮੰਦਰ ਵਿਖੇ ਕੀਰਤਨ ਦੀ ਸੇਵਾ ਲਈ ਫਖ਼ਰ ਤੇ ਸ਼ੌਕ ਜਗਾ ਦਿੱਤਾ ਹੈ, ਚਿਤ ਸੁਖੀ ਹੋਇਆ ਹੈ, ਠੰਢ ਪਈ ਹੈ, ਇਸ ਲਈ ਆਪ ਹੀ ਰਾਹਨੁਮਾਈ ਕਰੋ। ਤਾਂ ਆਪ ਨੇ ਕਿਹਾ: ਬਰਖ਼ੁਰਦਾਰ ! ਤੁਸਾਡੀ ਦਸ਼ਾ ਉਲਟ ਰਸਤੇ ਚਲ ਰਹੀ ਹੈ। ਘੋੜਾ ਅੱਗੇ ਤੇ ਗੱਡੀ ਪਿੱਛੇ ਹੀ ਠੀਕ ਤਰੀਕਾ ਹੈ, ਜੇ ਗੱਡੀ ਅੱਗੇ ਕਰਕੇ ਘੋੜਾ ਪਿੱਛੇ ਜੋੜ ਦੇਈਏ ਤਾਂ ਉਹ ਕਿੰਨਾ ਕੁ ਚਿਰ ਚੱਲ ਸਕਦਾ ਹੈ? ਇਕਾਗਰਤਾ ਜੋ ਤੁਸਾਂ ਪ੍ਰਾਪਤ ਕਰ ਲਈ ਹੈ, ਇਹ ਇਕ ਗੁਣ ਤਾਂ ਜ਼ਰੂਰ ਹੈ ਪਰ ਇਹ ਸਰਵ ਗੁਣ ਨਹੀ। ਪਹਿਲੀ ਜਮਾਤ ਦੇ ਵਿਦਯਾਰਥੀ ਨੂੰ ਅੱਠਵੀਂ ਦੀ ਇਕ ਸੰਥਾ ਕੰਠ ਕਰਾਕੇ ਅੱਠਵੀ ਵਿੱਚ ਬਿਠਾ ਦੇਈਏ ਤਾਂ ਉਹ ਉਸ ਜਮਾਤ ਨਾਲ ਚੱਲ ਨਹੀ ਸਕਦਾ। ਨਾਮ ਸਿਮਰਨ ਦੀ ਪੜਸਾਂਗ ਵਿੱਚ ਇਹ ਜੋ ਦਸ਼ਾ ਤੁਸਾਂ ਦੀ ਬੰਨ੍ਹ ਕੇ ਕਰਾਈ ਗਈ ਹੈ, ਇਹ ਕਿਸੇ ਸਟੇਜ ਤੇ ਖ਼ੁਦ ਬਖ਼ੁਦ ਪੈਦਾ ਹੋਣੀ ਚਾਹੀਦੀ ਹੈ, ਬੰਨ੍ਹ ਕੇ ਨਹੀਂ ਕਰਾਈ ਜਾਣੀ ਚਾਹੀਦੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘ ਨੂੰ ਇਸ ਤਰ੍ਹਾਂ ਦੇ ਨਹੀ ਬਣਾਇਆ ਕਿ ਧੌਣ ਸਿੱਟੀ ਮੁਰਦੜੇ ਜਿਹੇ ਨਜ਼ਰੀਂ ਆਉਣ। ਉਹਨਾਂ ਨੇ ਤਾਂ ਸਿੰਘ ਐਸੇ ਬਣਾਏ ਹਨ ਕਿ ਉਹਨਾਂ ਦੇ ਇਕ ਹੱਥ ਸਿਮਰਨਾਂ ਹੈ ਤਾਂ ਦੂਜੇ ਹੱਥ ਸ਼ਮਸ਼ੇਰ। ਚਿਤ ਨਾਮ ਦੁਆਰਾ ਵਾਹਿਗੁਰੂ ਨਾਲ ਜੁੜਿਆ ਹੋਇਆ ਹੈ, ਚਿਹਰਾ ਦਗ਼ ਦਗ਼ ਕਰਦਾ ਹੈ, ਜ਼ੁਲਮ ਨੂੰ ਨਾਸ਼ ਕਰਨ ਲਈ ਕੋਹਾਂ ਤੱਕ ਕਟਾ-ਵੱਢ ਕਰੀ ਜਾ ਰਹੇ ਹਨ, ਸੀਸ ਉਤਰ ਜਾਂਦਾ ਹੈ ਤਾਂ ਫਿਰ ਬੀ ਮੀਲਾਂ ਤੱਕ ਸ੍ਰੀ ਸਾਹਿਬ ਚਲਾਈ ਜਾਂਦੇ ਹਨ। ਗੁਰੂ ਗੋਬਿੰਦ ਸਿੰਘ ਦੇ ਸਿੰਘਾਂ ਦੀ ਧੌਣ ਸਿੱਧੀ, ਛਾਤੀ ਤਣੀ ਹੋਈ, ਅੰਦਰ ਨਾਮ ਰਸ ਮਖ਼ਮੂਰ, ਅੱਖਾਂ ਵਿੱਚ ਬਲਕਾਰ ਸਤਿਗੁਰੂ ਸੂਰੇ ਨੇ ਭਰਿਆ ਹੈ। ਤੁਸੀਂ ਜਿਸ ਰਸਤੇ ਟੁਰ ਰਹੇ ਹੋ ਇਹ ਗੁਰੂ ਘਰ ਦਾ ਤਰੀਕਾ ਨਹੀ, ਇਹ ਤਾਂ ਸਿਆਣੇ ਲੋਕਾਂ ਦਾ ਜਗਜਾਸੂਆਂ ਦੀਆਂ ਸੁਰਤਾਂ ਨੂੰ ਆਪਣੇ ਵੱਸ ਵਿੱਚ ਕਰਕੇ ਚੇਲੇ ਬਨਾਉਣ ਦਾ ਸਾਧਨ ਹੈ।

ਗੁਰੂ ਘਰ ਦੇ ਨਾਮ ਸਿਮਰਨ ਦਾ ਤਰੀਕਾ ਇਹ ਹੈ ਕਿ ਪਹਿਲੇ ਨਾਮ ਜੀਭ ਨਾਲ ਸ਼ੁਰੂ ਕਰੋ, ਅੰਮ੍ਰਿਤ ਵੇਲੇ ਪੰਜ ਮਿੰਟ ਅਪਣੇ ਬਿਸਤਰੇ ਤੇ ਹੀ ਭਾਵੇਂ ਬੈਠ ਕੇ ਰਸਨਾ ਨਾਲ ਵਾਹਿਗੁਰੂ ਵਾਹਿਗੁਰੂ ਜਪੋ, ਹੌਲੇ ਹੌਲੇ ਸਮਾ ਵਧਾਓ। ਦਿਨੇ ਉਠਦੇ ਬੈਠਦਿਆਂ, ਟੁਰਦੇ ਫਿਰਦਿਆਂ ਯਤਨ ਕਰੋ ਕਿ ਜਦ ਬੀ ਕੋਈ ਵਿਹਲ ਦਾ ਸਮਾਂ ਮਿਲੇ ਖਾਲੀ ਨਾ ਜਾਏ, ਉਹ ਨਾਮ ਸਿਮਰਨ ਵਿੱਚ ਪੁਰੋਤਾ ਬੀਤੇ, ਧਿਆਨ ਸਿਰਫ ਇਸ ਗੱਲ ਦਾ ਰੱਖਣਾ ਹੈ ਕਿ ਦਮ ਬਿਰਥਾ ਨਾ ਜਾਏ, ਰਸਨਾਂ ਤੋਂ ਨਾਮ ਕਿਸੇ ਵੇਲੇ ਬੀ ਨਾ ਵਿਸਰੇ, ਹੋਰ ਕਿਸੇ ਸ਼ੈ ਦੇ ਧਿਆਨ ਧਰਨ ਦੀ ਲੋੜ ਨਹੀ। ਭਾਈ ਗੁਰਦਾਸ ਜੀ ਨੇ ਕਬਿਤਾਂ ਵਿੱਚ ਕਿਹਾ ਹੈ :-

ਤੈਸੇ ਗੁਰ ਸਬਦ ਕੈ ਸਨੇਹ ਕੈ ਪਰਮਪਦ<br>
ਮੂਰਤਿ ਸਮੀਪ ਸਿੰਘ ਆਪ ਕੀ ਅਖੇਟ ਹੈ।

ਗੁਰ ਸ਼ਬਦ ਨਾਮ ਦੇ ਅਭਯਾਸ ਨਾਲ ਸਨੇਹ ਹੀ ਪਰਮ ਪਦ ਤੇ ਪੁਚਾਉਣ ਵਾਲਾ ਹੈ ਪਰ ਪਰਮਾਤਮਾ ਦੀ ਮੂਰਤ ਦਾ ਧਿਆਨ ਤਾਂ ਸ਼ੇਰ ਤੇ ਸੱਪ ਦਾ ਮਾਨੋ ਸ਼ਿਕਾਰ ਹੈ, ਇਹ ਕੋਈ ਖੇਡ ਨਹੀ ਤੇ ਖ਼ਤਰੇ ਤੋਂ ਖਾਲੀ ਨਹੀ। ਪਰਮਾਤਮਾ ਦਾ ਝਲਕਾ ਤਾਂ ਭਲਾ ਕਿਤੇ ਰਿਹਾ, ਅਸੀਂ ਤਾਂ ਭਾਈ ਬੁੱਢਾ ਆਦਿ ਬਖਸ਼ੇ ਹੋਏ ਮਹਾਨ ਗੁਰਸਿੱਖਾਂ ਦਾ ਬੀ ਝਲਕਾ ਨਹੀ ਸਹਾਰ ਸਕਦੇ। ਸੋ ਧਿਆਨ ਰੱਖਣਾ ਚਾਹੀਏ ਇਹ ਕਿ ਨਾਮ ਨਾ ਭੁੱਲੇ ਰਸਨਾਂ ਤੋਂ। ਫੇਰ ਅਪਣੇ ਆਪ ਇਹ ਨਾਮ ਦਾ ਅਰੋਗ ਸਿਮਰਣ ਤੁਹਾਡੀ ਖ਼ੁਦ ਗਰਦਨ ਸਿੱਧੀ ਕਰੇਗਾ, ਜ਼ੁਬਾਨ ਤੋਂ ਹੇਠ ਹਿਰਦੇ ਵਿੱਚ ਉਤਰੇਗਾ, ਸੁਰਤ ਵਿੱਚ ਧਸੇਗਾ, ਪ੍ਰਾਣਾਂ ਵਿੱਚ ਸਿੰਜਰੇਗਾ। ਪ੍ਰਾਣਾਂ ਵਿੱਚ ਜਦੋਂ ਸਿੰਜਰ ਗਿਆ ਫਿਰ ਤਰੱਦਦ ਦੀ ਲੋੜ ਨਹੀ ਰਹਿੰਦੀ, 'ਊਠਤ ਬੈਠਤ ਸੋਵਤ ਨਾਮ' ਆਪੇ ਜਾਰੀ ਹੋ ਜਾਂਦਾ ਹੈ, ਪਰ ਇਸ ਵਿੱਚ ਸਮਾਂ ਲਗਦਾ ਹੈ। ਇਹ ਸਹਿਜ ਦਾ ਮਾਰਗ ਹੈ ਕਾਹਲ ਦਾ ਨਹੀ। ਪਹਿਲੋਂ ਨਾਮ ਮੈਲ ਕੱਟੇਗਾ, ਮਨ ਨਿਰਮਲ ਹੋ ਜਾਣ ਤੇ ਰਸ ਬਖ਼ਸ਼ੇਗਾ। ਇਕਾਗਰਤਾ ਇਹ ਆਪ ਲਿਆਵੇਗਾ, ਫਿਰ ਗਮਰੁੱਠਤਾਈ ਨੇੜੇ ਨਹੀ ਆਵੇਗੀ।

ਇਹ ਗੱਲ ਦਿਲੋਂ ਕੱਢ ਦੇਣੀ ਚਾਹੀਦੀ ਹੈ ਕਿ ਰੱਬ ਕੋਈ ਵੱਖਰੀ ਸ਼ੈ ਹੈ ਤੇ ਨਾਮ ਵੱਖਰੀ ਸ਼ੈ। ਨਾਮ ਨਾਮੀ ਵਿੱਚ ਭੇਦ ਨਹੀਂ। ਅਸੀਂ ਵਾਹਿਗੁਰੂ ਨੂੰ ਸਿੱਧੇ ਨਹੀ ਪਰ ਨਾਮ ਦੇ ਰਸਤੇ ਟੁਰਕੇ ਹੀ ਪਾ ਸਕਦੇ ਹਾਂ, ਸਾਡੇ ਲਈ ਰਸਤਾ ਇਹੋ ਹੀ ਹੈ। ਇਸ ਰਸਤੇ ਟੁਰਿਆਂ ਚਿਤ ਉਤਸ਼ਾਹੀ ਰਹੇਗਾ, ਤਬੀਅਤ ਖਿੜੀ ਹੋਈ, ਹੌਲੀ ਫੁੱਲ ਤੇ ਸਰੀਰ ਦੇ ਰੋਮ ਕੂਪ (ਮੁਸਾਮ) ਖੁੱਲ੍ਹੇ ਹੋਏ ਜਾਪਣਗੇ। ਨਿਰਮਲਤਾ ਐਸੀ ਹੋਵੇਗੀ ਕਿ ਅਪਣੇ ਆਪ ਨੂੰ ਆਪਾ ਜਗਤ ਤੋ ਉੱਚਾ ਦਿੱਸੇਗਾ, ਹੋਵੇਗਾ ਸਭ ਦੀ ਰੇਣ ਵਰ ਫੁੱਲਾਂ ਹਾਰ ਹਲਕਾ ਤੇ ਉੱਚਾ ਉੱਠਦਾ ਦਿਸੇਗਾ। ਵਿਸ਼ੇ ਵਿਕਾਰ ਤੇ ਸੰਸਾਰਕ ਖਿੱਚਾਂ ਵੱਲ ਸੁਭਾਵਕ ਹੀ ਚਿਤ ਰੁਖ ਨਹੀਂ ਕਰੇਗਾ, ਇਥੋਂ ਤਕ ਕਿ ਵਿਸ਼ਿਆਂ ਦੇ ਖਿਆਲ ਮਾਤ੍ਰ ਨਾਲ ਹੀ ਰੋਮ ਕੂਪ ਬੰਦ ਹੁੰਦੇ ਪ੍ਰਤੀਤ ਕਰੇਗਾ, ਸੁਰਤ ਢਵੇਗੀ, ਤਬੀਅਤ ਨਾਮ ਤੋਂ ਉਟਾਟਰੀ ਹੋ ਜਾਏਗੀ, ਰਸ ਟੁੱਟੇਗਾ, ਉਸ ਵੇਲੇ ਅਭਯਾਸੀ ਪੁਰਸ਼ ਪ੍ਰਤੀਤ ਕਰੇਗਾ ਕਿ ਇਹ ਸਜ਼ਾ ਮਿਲੀ ਹੈ ਕੇਵਲ ਉਸੇ ਸੰਸਾਰਕ ਖਿੱਚ ਦਾ ਖਿਆਲ ਮਾਤ੍ਰ ਹੀ ਕਰਨ ਦੀ, ਜੋ ਹਲਕਾ-ਪਨ, ਨਿਰਮਲਤਾ ਤੇ ਰਸ ਸੀ ਉਹ ਗੁਆਚ ਗਿਆ ਹੈ। ਇਉਂ ਉਸਦਾ ਐਸੀਆਂ ਖਿੱਚਾਂ ਤੋਂ ਬਚਣ ਦਾ ਸੁਭਾਉ ਸੁਤੇ ਹੀ ਬਣ ਜਾਏਗਾ। ਵਿਸ਼ਿਆਂ ਵਲੋਂ ਸੂਗ ਹੋਕੇ ਕੁਦਰਤ ਮਨਮੋਹਨੀ ਦਿੱਸੇਗੀ, ਕੁਦਰਤ ਨੂੰ ਤੱਕ ਕੇ ਤਬੀਅਤ ਖਿੜੇਗੀ, ਚੰਦ ਸੂਰਜ ਵਿੱਚ ਵਾਹਿਗੁਰੂ ਜੀ ਦਾ ਜਮਾਲ ਜਲਾਲ ਤੱਕੇਗਾ, ਹਰ ਸੁੰਦਰਤਾ ਵਿੱਚ ਉਸ ਸੁੰਦਰ ਨੂੰ ਤੱਕ ਤੱਕ ਵਾਹਿਗੁਰੂ ਦੀ ਸਿਫਤ ਸਲਾਹ ਦੇ ਰੰਗ ਵਿੱਚ ਖਿੜੇਗਾ। ਫਿਰ ਜਦ ਇਹ ਨਿਰਮਲਤਾ ਹੋਰ ਵਧੇਗੀ, ਵਾਹਿਗੁਰੂ ਨਾਲ ਇਕ ਸੂਰ ਹੋਯਾ ਆਪਾ ਇਤਨਾ ਨਿਰਮਲ ਉੱਚਾ, ਰਸ ਮਖ਼ਮੂਰ ਤੇ ਸੁੰਦਰ ਹੋ ਜਾਏਗਾ ਕਿ ਫਿਰ ਉਸ ਨੂੰ ਆਪਣੀ ਅੰਦਰਲੀ ਨਿਰਮਲਤਾ ਦੇ ਸਾਹਮਣੇ ਚੰਦ ਸੂਰਜ ਬੀ ਮੈਲੇ ਦਿੱਸਣਗੇ :-

**ਮੈਲਾ ਬ੍ਰਹਮਾ ਮੈਲਾ ਇੰਦੁ॥ ਰਵਿ ਮੈਲਾ ਮੈਲਾ ਹੈ ਚੰਦੁ॥**<br>
**ਮੈਲਾ ਮਲਤਾ ਇਹੁ ਸੰਸਾਰੁ॥ ਇਕੁ ਹਰਿ ਨਿਰਮਲੁ ਜਾਕਾ ਅੰਤੁ ਨ ਪਾਰੁ॥**<br>
**(ਭੈਰਉ ਕਬੀਰ ਜੀ-੩)**

**- ਗੁਰਮੁਖ ਜੀਵਨ** 'ਚੋਂ

❖ ❖ ❖ ❖

ਸੰਪਾਦਕੀ

# ਸੱਭਿਆਚਾਰਕ ਪੁਨਰ-ਜਾਗ੍ਰਿਤੀ ਦੇ ਉਸਰੱਈਏ

ਸੱਭਿਆਚਾਰ ਵਿਚ ਆਚਾਰ-ਵਿਹਾਰ, ਰਸਮੋ-ਰਿਵਾਜ, ਕਦਰਾਂ-ਕੀਮਤਾਂ ਆਦਿ ਬਹੁਤ ਕੁਝ ਹੁੰਦਾ। ਸਿਆਸੀ ਮਾਹੌਲ ਬਦਲਣ ਨਾਲ ਸੱਭਿਆਚਾਰ ਵੀ ਪ੍ਰਭਾਵਿਤ ਹੁੰਦਾ। 1849 'ਚ ਅੰਗ੍ਰੇਜ਼ਾਂ ਦਾ ਪੰਜਾਬ ਤੇ ਕਬਜ਼ਾ ਹੋਇਆ ਤੇ ਨਾਲ ਹੀ ਇਕ ਆਧੁਨਿਕ ਯੁਗ ਦਾ ਵੀ ਆਰੰਭ ਹੋਇਆ। ਨਵੀਆਂ ਕਾਢਾਂ ਤੇ ਪੱਛਮੀ ਕਦਰਾਂ-ਕੀਮਤਾਂ ਦਾ ਇਥੋਂ ਦੇ ਸੱਭਿਆਚਾਰਕ ਮਾਹੌਲ ਤੇ ਅਸਰ ਪਿਆ ਤੇ ਲੋਗ ਉਹਨਾਂ ਵਲ ਖਿਚੀ ਗਏ। ਅਜਿਹੇ ਸਮੇਂ ਵਿਰਸਾ ਸੁੰਗੜਦਾ ਪ੍ਰਤੀਤ ਹੋਇਆ ਤੇ ਇਥੇ ਵੱਸਦੇ ਭਾਈਚਾਰਿਆਂ 'ਚ ਆਪਣੀ ਹੋਂਦ ਦੀ ਕਾਇਮੀ ਨੂੰ ਲੈ ਕੇ ਫ਼ਿਕਰ ਪੈਦਾ ਹੋਇਆ। ਨਤੀਜੇ ਵਜੋਂ ਸੱਭਿਆਚਾਰਕ ਉਪਰਾਲੇ ਸ਼ੁਰੂ ਹੋਏ, ਸਿੰਘ ਸਭਾ ਲਹਿਰ ਦਾ ਜਨਮ ਹੋਇਆ ਤੇ ਨਾਲ ਹੀ ਇਸ ਧਰਤੀ ਤੇ ਇਕ ਦਰਵੇਸ਼ ਬਾਲਕ ਦਾ ਜਨਮ ਹੋਇਆ ਜਿਸ ਅਗਾਂਹ ਚਲ ਆਪਣੀਆਂ ਲਿਖਤਾਂ ਤੇ ਯਤਨਾਂ ਰਾਹੀਂ ਪੰਜਾਬ 'ਚ ਬਦਲ ਰਹੀ ਸੱਭਿਆਚਾਰਕ ਫਿਜ਼ਾ 'ਚ ਵਿਰਸੇ ਦੀ ਪ੍ਰਬਲ ਜਾਗ ਲਾਈ।

ਅੰਮ੍ਰਿਤਸਰ ਦੀ ਪਾਵਨ ਧਰਤੀ ਤੇ ਜਨਮਿਆ ਇਹ ਬਾਲਕ ਜਿਸ ਦਾ ਨਾਉਂ ਘਰਦਿਆਂ ਵੀਰ ਸਿੰਘ ਰੱਖਿਆ, ਪਰਮਾਰਥ ਨੂੰ ਸਮਰਪਿਤ ਘਰੋਗੀ ਵਾਤਾਵਰਨ ਸਦਕੇ ਅਧਿਆਤਮਕ ਉਚਤਾ ਪ੍ਰਤੀ ਹਮੇਸ਼ਾ ਸਜਗ ਰਹੇ। ਵਿੱਦਿਆ ਭਾਵੇਂ ਕ੍ਰਿਸਚੀਅਨ ਸਕੂਲ 'ਚੋਂ ਹਾਸਲ ਕੀਤੀ ਪਰ ਸਮਕਾਲੀ ਹਲਾਤਾਂ ਤੋਂ ਆਪ ਕਦੇ ਅਣਭਿੱਜ ਨਾ ਰਹੇ। ਇਸੇ ਦਾ ਨਤੀਜਾ ਸੀ ਕਿ ਬਿਹਤਰ ਨੌਕਰੀ ਦੇ ਮੌਕੇ ਮਿਲਣ ਦੇ ਬਾਵਜੂਦ ਆਪਨੇ ਕੁਝ ਅਜਿਹਾ ਕਰਨਾ ਚਾਹਿਆ ਜਿਸ ਦਾ ਕੌਮੀ ਪੱਧਰ ਤੇ ਫ਼ਾਇਦਾ ਪਹੁੰਚ ਸਕੇ। ਇਹ ਨਿਜੀ ਹਿਤਾਂ ਤੋਂ ਪਾਰ ਜਾਂਦੀ ਇਕ ਕੌਮੀ ਸੋਚ ਸੀ ਜਿਸ ਸਦਕਾ ਅੰਮ੍ਰਿਤਸਰ 'ਚ ਵਜ਼ੀਰ ਹਿੰਦ ਪ੍ਰੈਸ ਦੀ ਸ਼ੁਰੂਆਤ ਹੋਈ। ਸ. ਵਜ਼ੀਰ ਸਿੰਘ ਨਾਲ ਭਾਈਵਾਲੀ 'ਚ ਲਾਈ ਇਸ ਪ੍ਰੈਸ 'ਚ ਪੰਜਾਬੀ ਸਾਹਿਤ ਦੀ ਪ੍ਰਕਾਸ਼ਨਾ ਦਾ ਕੰਮ ਸ਼ੁਰੂ ਹੋਇਆ, ਉਹ ਵੀ ਉਸ ਵੇਲੇ ਜਦਕਿ ਇਸ ਪਾਸੇ ਰੁਝਾਨ ਨਾਂਮਾਤਰ ਸਨ। ਇਸ ਤੋਂ ਵੱਡੀ ਗਲ ਇਹ, ਭਾਈ ਸਾਹਿਬ ਨੇ ਉਸ ਵੇਲੇ ਗਵਾਰੂ ਬੋਲੀ ਕਰਕੇ ਸਮਝੀ ਜਾਂਦੀ ਪੰਜਾਬੀ 'ਚ ਨਾ ਸਿਰਫ ਮਿਆਰੀ ਸਾਹਿਤ ਦੀ ਰਚਨਾ ਕੀਤੀ, ਸਗੋਂ ਲੋਕਾਂ 'ਚ ਸਾਹਿਤ ਪੜ੍ਹਨ ਦੀ ਚੇਟਕ ਵੀ ਲਾਈ। ਹਫ਼ਤਾਵਾਰੀ **ਖ਼ਾਲਸਾ ਸਮਾਚਾਰ** ਤੇ ਆਧੁਨਿਕ ਰੂਪਾਂ 'ਚ ਛਪੀਆਂ ਬਹੁਵਿਧ ਕ੍ਰਿਤੀਆਂ ਸਦਕੇ ਤਤਕਾਲੀ ਸਮਾਜ 'ਚ ਇਕ ਵੱਡਾ ਪਾਠਕ ਵਰਗ ਪੈਦਾ ਹੋਇਆ ਜਿਸਨੂੰ ਹਮੇਸ਼ਾਂ ਸਮਾਚਾਰ ਤੇ ਨਵੀਆਂ ਕ੍ਰਿਤੀਆਂ ਦਾ ਇੰਤਜ਼ਾਰ ਰਹਿੰਦਾ। ਭਾਈ ਸਾਹਿਬ ਸਾਹਮਣੇ ਵੀ ਮੌਜੂਦਾ ਹਾਲਾਤਾਂ ਦੇ ਮੱਦੇਨਜ਼ਰ ਵਿਰਸੇ ਦੀ ਸਲਾਮਤੀ ਦਾ ਫ਼ਿਕਰ ਮੌਜੂਦ ਸੀ। ਉਨ੍ਹਾਂ ਸਿੰਘ ਸਭਾ ਲਹਿਰ ਨਾਲ ਤਾਲਮੇਲ ਰੱਖਦਿਆਂ ਬਹੁਤ ਸਾਰੇ ਟ੍ਰੈਕਟ ਲਿਖ ਕੇ ਛਾਪੇ ਤੇ ਖਾਸ ਮੌਕਿਆਂ ਤੇ ਇਹ ਟ੍ਰੈਕਟ ਸੰਗਤਾਂ 'ਚ ਵੱਡੀ ਗਿਣਤੀ 'ਚ ਵੰਡੇ ਜਾਂਦੇ। ਇਕ ਵਾਰੀ ਫਿਰ ਤੋਂ ਵਿਰਸੇ ਨੇ ਭਾਈ ਸਾਹਿਬ ਦੇ ਨਾਵਲਾਂ, ਨਾਟਕ, ਲੇਖਾਂ, ਕਵਿਤਾਵਾਂ ਤੇ ਹੋਰ ਰੂਪਾਂ 'ਚ ਮਹਿਕਣਾ ਸ਼ੁਰੂ ਕੀਤਾ ਤੇ ਇਹ ਪ੍ਰਵਾਹ ਕੁਝ ਇਸ ਤਰ੍ਹਾਂ ਚੱਲਿਆ, ਫਿਰ ਤਾਉਮਰ ਇਸ ਨੂੰ ਬਰੇਕਾਂ ਨਾ ਲੱਗੀਆਂ ਸਗੋਂ ਉਮਰ ਦੀ ਪਕਿਆਈ ਨਾਲ ਇਸ ਵਿਚ ਹੋਰ ਵੀ ਗੰਭੀਰਤਾ ਤੇ ਅਹਿਸਾਸਾਂ ਦੀ ਡੂੰਘਾਈ ਦਾ ਜਲੌ ਪ੍ਰਗਟ ਹੁੰਦਾ ਚਲਾ ਗਿਆ। ਇਹ ਭਾਈ ਸਾਹਿਬ ਦੀਆਂ ਇਹਨਾਂ ਜਮਾਂਦਰੂ ਕੋਸ਼ਿਸ਼ਾਂ ਦਾ ਹੀ ਫਲ ਸੀ ਕਿ ਪ੍ਰੋ. ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ ਜਿਹੇ ਉਘੇ ਲਿਖਾਰੀਆਂ ਤੋਂ ਇਲਾਵਾ ਹੋਰ ਬਹੁਤ ਸਾਰੇ ਲਿਖਾਰੀ ਤੇ ਕਵੀ ਲੇਖਣੀ ਦੇ ਇਸ ਸੱਜਰੇ ਪ੍ਰਵਾਹ ਨਾਲ ਆ ਕੇ ਜੁੜੇ ਤੇ ਆਪਣਾ ਹਿੱਸਾ ਪਾਉਂਦੇ ਰਹੇ। ਇਸ ਸਿਰਜਣਾ ਦੇ ਖੇਤਰ ਦਾ ਅਜ ਤਕ ਮੌਲਣਾ ਤੇ ਉਹਨਾਂ ਰਾਹੀਂ ਰਚੇ ਸਾਹਿਤ ਦੀ ਪਾਠਕਾਂ ਵਲੋਂ ਲਗਾਤਾਰ ਮੰਗ ਇਸ ਗਲ ਦਾ ਪ੍ਰਮਾਣ ਹਨ ਕਿ ਸਮਾਂ ਭਾਵੇਂ ਕੋਈ ਵੀ ਹੋਵੇ, ਵਿਰਸੇ ਦੀ ਲਾਗ ਤੇ ਜਾਗ ਤੋਂ ਬਿਨਾਂ ਨਾ ਸ਼ਖ਼ਸੀ ਜੀਵਨ ਦੀ ਕਾਇਮੀ ਸੰਭਵ ਹੈ, ਨਾ ਕੌਮੀ ਭਲਿਆਈ ਦਾ ਤਸੱਵਰ। ਇਸ ਪਾਸੇ ਭਾਈ ਸਾਹਿਬ ਦੀਆਂ ਕੋਸ਼ਿਸ਼ਾਂ ਸਿਰਫ਼ ਸਾਹਿਤਕ ਪੱਧਰ ਤਕ ਹੀ ਸੀਮਤ ਨਹੀਂ ਸਨ, ਸਮਾਜਕ ਪੱਧਰ ਤੇ ਵੀ ਉਨ੍ਹਾਂ ਅਨੇਕਾਂ ਉਪਰਾਲੇ ਕੀਤੇ। ਕੌਮੀ ਭਲਿਆਈ ਨਾਲ ਸੰਬੰਧਤ ਵੱਖ-ਵੱਖ ਖੇਤਰਾਂ ਦੀਆਂ ਅਨੇਕਾਂ ਸੰਸਥਾਵਾਂ ਨੂੰ ਜਨਮ ਦੇਣ 'ਚ ਆਪਦਾ ਪ੍ਰਤੱਖ-ਪਰੋਖ ਯੋਗਦਾਨ ਰਿਹਾ। ਪੰਜਾਬ ਸਿੰਧ ਬੈਂਕ, ਖਾਲਸਾ ਕਾਲਜ ਅੰਮ੍ਰਿਤਸਰ, ਖਾਲਸਾ ਪਰਚਾਰਕ ਵਿਦਿਆਲਯ, ਬਿਰਧ ਘਰ, ਅੰਧ ਵਿਦਿਆਲਾ, ਗੁਰਦੁਆਰਾ ਹੇਮਕੁੰਟ ਸਾਹਿਬ, ਹੋਮਿਊਪੈਥਕ ਡਿਸਪੈਂਸਰੀ ਆਦਿ ਇਸਦੀਆਂ ਪ੍ਰਮੁੱਖ ਮਿਸਾਲਾਂ ਹਨ।

ਇਸ ਤੋਂ ਇਲਾਵਾ ਕੌਮ 'ਚ ਵਿੱਦਿਆ ਦੇ ਪਾਸਾਰ ਲਈ ਹਰ ਸਾਲ ਹੁੰਦੀਆਂ ਐਜੂਕੇਸ਼ਨਲ ਕਾਨਫਰੰਸਾਂ ਨਾਲ ਆਪ ਜੁੜੇ ਰਹੇ ਤੇ ਇਹਨਾਂ ਵਾਸਤੇ ਲਗਾਤਾਰ **ਖ਼ਾਲਸਾ ਸਮਾਚਾਰ** 'ਚ ਲਿਖਦੇ ਰਹੇ। ਵਿੱਦਿਆ ਤੇ ਵਿਰਸੇ ਦਾ ਪ੍ਰਚਾਰ ਆਪਦੇ ਪ੍ਰਮੁੱਖ ਕੌਮੀ ਫ਼ਿਕਰਾਂ 'ਚੋਂ ਸਨ। ਆਪਦੇ ਅਨੁਸਾਰ ਇਹੀ ਉਹ ਨੁਸਖ਼ੇ ਸਨ ਜਿਨ੍ਹਾਂ ਆਸਰੇ ਕੌਮੀ ਜਾਗ੍ਰਿਤੀ ਦਾ ਪਿੜ ਖੁੱਲਣਾ ਸੀ ਤੇ ਉਸਨੇ ਉਸ ਰੁਤਬੇ ਨੂੰ ਹਾਸਲ ਕਰਨਾ ਸੀ ਜਿਸ ਵਿਚ ਉਹ ਅਤੀਤ 'ਚ ਵਿਚਰਦੇ ਰਹੇ ਸਨ। ਦਿੱਲੀ ਤੋਂ ਕਾਬੁਲ ਤਕ ਡੰਕਾ ਵਜਾਉਣ ਵਾਲੀ ਕੌਮ ਜੇ ਅਜ ਅਧੋਗਤੀ ਤੇ ਅਧੀਨਗੀ ਦੀ ਅਵਸਥਾ 'ਚ ਸੀ ਤਾਂ ਇਸਨੂੰ ਵਿਰਸੇ ਦੀ ਜਾਗ ਤੇ ਆਧੁਨਿਕ ਵਿੱਦਿਆ ਦੀ ਲਾਗ ਤੋਂ ਹੀ ਸੁਰਖ਼ਰੂ ਕੀਤਾ ਜਾ ਸਕਦਾ ਸੀ, ਵਿਰਸੇ ਤੇ ਵਿੱਦਿਆ ਦੇ ਮੇਲ ਦਾ ਇਹ ਮੂਲ ਮੰਤ੍ਰ ਹੀ ਭਾਈ ਸਾਹਿਬ ਦੀਆਂ ਬਹੁਤੀਆਂ ਲਿਖਤਾਂ ਦਾ ਆਧਾਰ ਰਿਹਾ। ਇਹੀ ਕਾਰਨ ਸੀ ਕਿ ਉਹਨਾਂ ਜਿਥੇ ਬਹੁਤ ਸਾਰੇ ਪੁਰਾਤਨ ਖਰੜਿਆਂ ਨੂੰ ਸੰਪਾਦਿਤ ਕਰਕੇ ਪ੍ਰਕਾਸ਼ਿਆ ਉਥੇ ਵਿੱਦਿਆ ਦੇ ਪਸਾਰ ਲਈ ਨਿਰਤੰਰ ਲਿਖਿਆ। ਉਹਨਾਂ ਜੀਵਨ ਦੇ ਹਰ ਵੇਰਵੇ ਤੇ ਲਿਖਿਆ ਤੇ ਅਜਿਹੀ ਭਾਸ਼ਾ-ਸ਼ੈਲੀ 'ਚ ਲਿਖਿਆ ਕਿ ਪਾਠਕ ਉਨ੍ਹਾਂ ਦੇ ਲੇਖ ਜਾਂ ਕ੍ਰਿਤੀ ਨੂੰ ਪੂਰਾ ਪੜ੍ਹਨ ਬਾਅਦ ਹੀ ਉਠਦਾ। ਸਾਡੇ ਕੋਲ ਪ੍ਰਮਾਣ ਮੌਜੂਦ ਹਨ ਕਿ **ਗੁਰੂ ਨਾਨਕ ਚਮਤਕਾਰ** ਤੇ **ਸੁੰਦਰੀ** ਨੇ ਹੀ ਬਹੁਤਿਆਂ ਦੇ ਜੀਵਨ ਪਲਟ ਦਿੱਤੇ। ਉਹਨਾਂ ਦੀਆਂ ਸਭ ਕ੍ਰਿਤੀਆਂ 'ਚ ਇਹ ਜਲਵਾ ਮੌਜੂਦ ਸੀ। ਖ਼ੌਰੇ ਤਾਹੀਓ ਅਜ ਵੀ ਉਹਨਾ ਰਾਹੀਂ ਰਚਿਤ ਸਾਹਿਤ ਦੀ ਮੰਗ ਨਿਰੰਤਰ ਬਣੀ ਹੋਈ ਹੈ। ਸਦਨ ਕੋਲ ਉਹਨਾਂ ਦੀਆਂ 150 ਤੋਂ ਉਪਰ ਕ੍ਰਿਤੀਆਂ ਮੌਜੂਦ ਹਨ ਜਿਨ੍ਹਾਂ ਦੀ ਪ੍ਰਕਾਸ਼ਨਾ ਨਿਰੰਤਰ ਜਾਰੀ ਹੈ ਤੇ ਇਨ੍ਹਾਂ 'ਚ ਕਈ ਕ੍ਰਿਤੀਆਂ ਦਾ ਹਿੰਦੀ, ਅੰਗਰੇਜ਼ੀ ਅਤੇ ਹੋਰ ਦੂਜੀਆਂ ਭਾਰਤੀ ਭਾਸ਼ਾਵਾਂ 'ਚ ਅਨੁਵਾਦ ਵੀ ਹੋ ਚੁੱਕਾ ਹੈ। **ਮੇਰੇ ਸਾਈਆਂ ਜੀਓ** ਉਹਨਾਂ ਦੀ ਉਹ ਪੁਸਤਕ ਹੈ ਜਿਸ ਤੇ ਪਹਿਲਾ ਸਾਹਿਤ ਅਕਾਦੇਮੀ ਪੁਰਸਕਾਰ ਉਹਨਾਂ ਨੂੰ ਮਿਲਿਆ ਸੀ। ਵਿਰਸੇ ਦੀ ਚੇਤਨਾ ਨਾਲ ਉਤਪ੍ਰੋਤ ਤੇ ਸਮਾਜ਼ਕ ਜ਼ਿੰਮੇਵਾਰੀਆਂ ਪ੍ਰਤੀ ਸਜਗ ਅਤੇ ਬਹੁਵਿਧ ਗੁਣਾਂ ਦੀ ਧਾਰਨੀ ਭਾਈ ਸਾਹਿਬ ਦੀ ਸ਼ਖ਼ਸੀਅਤ ਨੂੰ ਉਹਨਾਂ ਦੇ 64 ਵੇਂ ਸਚਖੰਡ ਪਿਆਨਾ ਦਿਵਸ ਤੇ ਸ਼ਤ-ਸ਼ਤ ਨਮਨ ਹੈ। ❖ ❖

# 'ਲਹਿਰਾਂ ਦੇ ਹਾਰ' ਵਿਚ ਦਰਸ਼ਨ-ਤਾਂਘ

❖ ਡਾ. ਭੁਪਿੰਦਰ ਕੌਰ ਕਵਿਤਾ

ਡਾ. ਭਾਈ ਵੀਰ ਸਿੰਘ ਜੀ ਦੀ ਸਮੁੱਚੀ ਰਚਨਾ ਨੂੰ ਸੰਨ 1972 ਵਿਚ ਭਾਸ਼ਾ ਵਿਭਾਗ, ਪੰਜਾਬ ਵਲੋਂ ਪੰਜ ਵੱਡ-ਆਕਾਰੀ ਜਿਲਦਾਂ ਵਿਚ ਸੰਕਲਿਤ ਕੀਤਾ ਗਿਆ। ਪਹਿਲੀ ਜਿਲਦ ਵਿਚ ਕਵਿਤਾਵਾਂ ਤੇ ਕਾਵਿ ਸੰਗ੍ਰਿਹਾਂ ਨੂੰ ਇਕੱਤਰਿਤ ਕੀਤਾ ਗਿਆ, ਦੂਜੀ ਵਿਚ ਨਾਵਲ, ਤੀਜੀ ਵਿਚ **ਗੁਰ ਬਾਲਮ ਸਾਖੀਆਂ** ਅਤੇ ਹੋਰ ਸਾਹਿਤ, ਚੌਥੀ ਵਿਚ **ਗੁਰੂ ਨਾਨਕ ਚਮਤਕਾਰ** (ਭਾਗ 1 ਅਤੇ 2) ਅਤੇ **ਸ੍ਰੀ ਅਸ਼ਟ ਗੁਰੂ ਚਮਤਕਾਰ** ਦੇ ਭਾਗ 1 ਅਤੇ 2 ਨੂੰ ਦੋ ਜਿਲਦਾਂ ਵਿਚ ਛਾਪਿਆ ਗਿਆ, ਪੰਜਵੀ ਜਿਲਦ ਵਿਚ **ਕਲਗੀਧਰ ਚਮਤਕਾਰ** ਦੇ ਦੋਹਾਂ ਭਾਗਾਂ ਨੂੰ ਸੰਕਲਿਤ ਕੀਤਾ ਗਿਆ। ਪਹਿਲੀ ਜਿਲਦ (ਕਵਿਤਾ) ਦੀ ਪੁਨਰ-ਪ੍ਰਕਾਸ਼ਨ ਵਾਲੇ ਭਾਗ ਦੀ ਭੂਮਿਕਾ ਵਿਚ ਡਾ. ਭਾਈ ਵੀਰ ਸਿੰਘ ਜੀ ਬਾਰੇ ਬਲਬੀਰ ਕੌਰ, ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਲਿਖਦੇ ਹਨ:


"ਆਪ ਦੀ ਅਦੁੱਤੀ ਕਾਵਿ-ਪ੍ਰਤਿਭਾ ਦਾ ਮੁਲਾਂਕਣ ਜਾਂ ਬਿਆਨ ਕਲਮ ਦੇ ਕਲਾਵੇ ਵਿਚ ਸਿਮਟਣ ਤੋਂ ਨਾਬਰ ਹੈ। ਤਰਾਸ਼ੇ ਹੋਏ ਹੀਰੇ ਦੇ ਹਰ ਕੋਣ ਦੀ ਤਰ੍ਹਾਂ ਆਪ ਦਾ ਕਾਵਿ ਅਨੋਖੇ ਝਲਕਾਰੇ ਮਾਰਦਾ ਹੈ। ਆਪ ਕਾਦਰ ਦੀ ਕੁਦਰਤ ਦੇ ਅਨੋਖੇ ਚਿਤੇਰੇ, ਨਿੱਕੀ ਕਵਿਤਾ ਦੇ ਵੱਡੇ ਕਵੀ, ਗੰਭੀਰ ਮਹਾਂਕਾਵਿ ਰਚੈਤਾ ਅਤੇ ਰੂਹਾਨੀਅਤ ਨਾਲ ਸਰਾਬੋਰ ਅਨੂਪਮ ਸ਼ਖ਼ਸੀਅਤ ਸਨ।"

**ਲਹਿਰਾਂ ਦੇ ਹਾਰ** ਰਚਨਾਵਲੀ ਦਾ ਪਹਿਲਾ ਸੰਗ੍ਰਹਿ ਹੈ, ਜਿਸ ਵਿਚ ਦਰਸ਼ਨ ਦੀ ਤਾਂਘ ਰੱਖਦੀਆਂ ਅੱਖੀਆਂ ਬੋਲਦੀਆਂ ਜਾਪਦੀਆਂ ਹਨ। ਡਾ. ਭਾਈ ਵੀਰ ਸਿੰਘ ਜੀ ਦੀ ਕਲਮ ਦਾ ਕਮਾਲ ਹੈ ਕਿ ਉਹ ਅੱਖੀਆਂ ਨੂੰ ਕਿਆ ਸੋਹਣੇ ਸ਼ਬਦਾਂ ਵਿਚ ਪ੍ਰੀਭਾਸ਼ਤ ਕਰਦੇ ਹੋਏ ਇਹਨਾਂ ਦੀ ਬਣਤਰ ਦੇ ਆਧਾਰ ਨੂੰ ਸਿਰਜਦੇ ਹਨ:

'ਅਰੂਪ ਦੇ ਦੀਦਾਰ ਦੀ ਤੜਫ਼ਨ' ਤੋਂ ਬਣੀਆਂ ਅੱਖੀਆਂ,
ਪਰ ਰੂਪ ਦੇ ਕਰ ਸਾਮ੍ਹਣੇ ਰੁਖ਼, ਬਾਹਰ ਦਾ ਦੇ ਰੱਖੀਆਂ,
ਦੇਖਣ ਨਜ਼ਾਰੇ ਸੋਹਿਣੇ, ਰੀਝਣ ਤੇ ਰਚ ਰਚ ਜਾਣ, ਪਰ
ਮਿਟਦੀ ਨ ਤਾਂਘ ਅਰੂਪ ਦੀ, ਪਲ ਰੂਪ ਤੇ ਫਿਰ ਭੁੱਖੀਆਂ॥
(ਅੱਖੀਆਂ)

ਇਸ ਸੰਗ੍ਰਹਿ ਦੀ ਪਹਿਲੀ ਕਵਿਤਾ 'ਦੀਦਾਰ' ਹੈ, ਜਿਸ ਵਿਚ 'ਨਜਰੋਂ ਪਰੇ ਨ ਹੱਟੇ ਹਾਂ' ਨਾਲ ਸਦਾ ਹੀ ਦ੍ਰਿਸ਼ਟ ਸੰਸਾਰ 'ਚ ਵੱਸਦੇ ਪ੍ਰਭੂ ਦੇ ਦੀਦਾਰ ਦੀ ਸਿੱਕ ਹੈ। ਇਸ ਸਿੱਕ ਵਿਚ ਨੈਣ ਭਰੇ ਰਹਿੰਦੇ ਹਨ, ਕਾਲਜੇ ਵਿਚ ਖੋਹ ਪੈਂਦੀ ਹੈ ਤੇ ਜੀਵ-ਇਸਤਰੀ ਬਉਰਾਨੀ ਹੁੰਦੀ ਜਾਂਦੀ ਹੈ। ਆਪਣੇ ਅਸਲ ਦੇ ਵਸਲ ਲਈ ਉਤਸੁਕ ਅੱਖੀਆਂ ਵਿਚ 'ਤਾਂਘ ਦਰਸ ਦੀ ਵਧਦੀ' ਹੈ। ਇਸੇ ਸਿੱਕ ਦਾ ਕਮਾਲ ਹੈ ਕਿ ਘਾਹ ਤੇ ਪਈ ਤ੍ਰੇਲ ਵੀ ਨੈਣ-ਰੂਪ ਹੋ ਜਾਂਦੀ ਹੈ ਤੇ ਇਸ ਨੂੰ ਰਸਨਾ ਲਗਾ ਕਵੀ ਜੀ ਇਸ ਤੋਂ ਇਉਂ ਦਰਸਾਂਦੇ ਹਨ:

'ਦਰਸ-ਪਯਾਸ' ਹੁਣ ਰੂਪ ਮਿਰਾ ਹੈ,
ਮੈਂ ਵਿਚ ਹੋਰ ਨ ਬਾਕੀ-
ਚੜ੍ਹ ਅਰਸ਼ੋਂ, ਆ ਅੰਗ ਲਗਾ,
ਮੈਂ ਵਿਛੀ ਤਿਰੇ ਰਾਹ ਪਈਆਂ॥ (ਤ੍ਰੇਲ ਤੇ ਸੂਰਜ)




ਕਵੀ ਜੀ 'ਲੱਗੀਆਂ ਨਿਭਣ' ਵਿਚ ਸੋਹਣੇ ਨੂੰ ਸੰਬੋਧਨ ਕਰਦੇ ਆਖਦੇ ਹਨ ਕਿ ਮਨ ਨੂੰ ਮੋਹਦਾ ਹੈ, ਪਰ ਦਿਲ ਦੀ ਘੁੰਡੀ ਨਹੀਂ ਖੋਲਦਾ, ਉਸਦੇ ਪਿਆਰ-ਨਿੱਘ ਨੂੰ ਮਾਣਨ ਲਈ 'ਅੱਖੀਅਹੁ ਹੋਹੁ ਨ ਉਹਲੇ' ਦਾ ਤਰਲਾ ਮਾਰਦੇ ਹਨ। ਜਦ ਅੱਖੀਆਂ ਵਿਚ ਸੱਜਣ ਵੱਸ ਰਸ ਜਾਂਦੇ ਹਨ ਤਾਂ ਜ਼ੱਰੇ ਜ਼ੱਰੇ ਵਿਚ ਨਜ਼ਰੀ ਪੈਂਦੇ ਹਨ। ਇਸ ਅਤਿ-ਡੂੰਘੀ ਰਮਜ਼ ਨੂੰ ਕਵੀ ਜੀ 'ਇਉਂ' ਬਿਆਨਦੇ ਹਨ:

ਨੈਣਾਂ ਦੇ ਵਿਚ ਸਜਣ ਬਹਾਇਆ ਉਹ ਹੇਠਾਂ ਨੂੰ ਧਸਿਆ
ਧਸਿਆ ਅੰਦਰਲੇ ਦੇ ਅੰਦਰ ਜਾ ਡੂੰਘਾਣੀਂ ਫਸਿਆ
ਨੈਣ ਮੀਟਿਆਂ ਅੰਦਰ ਦਿਸਦਾ, ਨੈਣ ਖੁਲ੍ਹਿਆਂ ਬਾਰੂ ਦਿਸੀਵੇ
ਜਿਤ ਵਲ ਨਜ਼ਰ ਉਤੇ ਵਲ ਦਿਸਦਾ ਵਣ ਤਿਣ ਸੱਜਣ ਵਸਿਆ॥
(ਜਿਤ ਵਲ ਨਜ਼ਰ ਉਤੇ ਵਲ ਸੱਜਣ)

ਇਉਂ ਪਿਆਰੇ ਦੀ ਸਰਬ-ਵਿਆਪਕਤਾ ਦਾ ਰਸ ਮਾਣਨ ਲਈ 'ਅੱਖੀਆਂ' ਦੀ 'ਅਰਸ਼ਾਂ ਵਲ ਨਜ਼ਰ' ਲੋੜੀਂਦੀ ਹੈ। ਕਵੀ-ਮਨ ਦੀ ਕਲਪਨਾ ਦਾ ਕਮਾਲ ਹੈ ਕਿ ਜੇ ਮੇਰਾ ਘੁਮਿਆਰ ਅੱਖੀਆਂ ਮੇਰੇ ਸਿਰ ਤੇ ਲਗਾਉਂਦਾ ਤਾਂ ਮੈਂ ਸਦਾ ਹੀ ਅਰਸ਼ਾਂ ਵਲ ਤਕਦਾ। ਮੱਥੇ ਥੱਲੇ ਲੱਗੀਆਂ ਅੱਖਾਂ ਦੀ ਨੀਵੀਂ ਤੱਕ ਤੋਂ ਬਚਣ ਦੇ ਯਤਨ ਵਿਚ ਇਹ ਪਿਆਰੇ ਦੇ ਪਿਆਰ-ਵਸ ਵਿਚ ਉੱਚੀ-ਸੋਚ ਦੀ ਲੋਚਾ ਰੱਖਦੀਆਂ ਹਨ। ਜਦ ਅੱਖੀਆਂ ਪਿਆਰੇ ਦੀਆਂ ਹੋ ਜਾਂਦੀਆਂ ਹਨ ਤਾਂ ਫਿਰ ਇਹ ਦੁਨੀਆਂ ਦਾ ਦੁੱਖ ਦੇਖ ਕੇ ਨੈਣੋਂ ਨੀਰ ਵਸਾਉਂਦੀਆਂ ਹਨ। ਆਪਾ ਵਾਰ ਕੇ ਦਰਦ ਮਿਟਾਉਣ ਦੇ ਯਤਨ ਵਿਚ ਰਹਿੰਦੀਆਂ ਹਨ। ਗੁਰੂ ਅਰਜਨ ਦੇਵ ਜੀ ਮਾਰੂ ਵਾਰ ਮਹਲਾ 5 ਡਖਣੇ ਮ: 5, ਅੰਗ 1094 ਤੇ ਅਤਿ-ਸੁੰਦਰ ਬਚਨ ਉਚਾਰਦੇ ਹਨ:

ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ॥
ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ॥੧॥

ਅੱਖੀਆਂ ਵਿਚ ਦੀਦਾਰ ਦੀ ਤਾਂਘ ਹੋਣੀ ਤਾਂ ਬਿਰਹਾ ਦੀ ਨਿਸ਼ਾਨੀ ਹੈ। **ਲਹਿਰਾਂ ਦੇ ਹਾਰ** ਵਿਚ 'ਦਰਸ-ਪਿਆਸ' ਦੇ ਪ੍ਰਗਟਾਵੇ ਨਾਲ ਭਰਪੂਰ ਕਵਿਤਾਵਾਂ ਜਗਿਆਸੂ ਤੇ ਪਾਠਕ ਨੂੰ ਇਹਨਾਂ 'ਵਿਛੜੀਆਂ ਅੱਖੀਆਂ' ਤੇ 'ਦਰਸ-ਪਿਆਸ' ਨਾਲ ਤ੍ਰਿਪਤ ਅੱਖੀਆਂ ਦੇ ਸ਼ਬਦ-ਜਾਦੂ ਨਾਲ ਹਲੂਣਦੀਆਂ ਵੀ ਹਨ ਤੇ ਹੁਲਾਰੇ ਵੀ ਦਿੰਦੀਆਂ ਹਨ। ਸਚਮੁੱਚ ਇਹ ਪਿਆਰ-ਸਾਗਰ ਦੀਆਂ ਲਹਿਰਾਂ ਦੇ ਹਾਰ ਸਮਾਨ ਹਨ।

- ਮੋ: 9888084503

# ਕੁਦਰਤ ਦਾ ਰਾਗ

❖ ਡਾ. ਸੁਰਜੀਤ ਪਾਤਰ*

ਜਿਹੜੇ ਵਾਕਾਂ ਨਾਲ ਭਾਈ ਵੀਰ ਸਿੰਘ ਹੋਰਾਂ ਦੀ ਕਾਵਿਕ ਹੋਂਦ ਨੂੰ ਪਰਿਭਾਸ਼ਤ ਕੀਤਾ ਜਾਂਦਾ ਹੈ, ਉਨ੍ਹਾਂ ਵਿਚੋਂ ਇਕ ਬਹੁ-ਪ੍ਰਚੱਲਿਤ ਵਾਕ ਇਹ ਹੈ ਕਿ ਭਾਈ ਵੀਰ ਸਿੰਘ ਕੁਦਰਤ ਦੇ ਕਵੀ ਹਨ। ਇਹ ਸਹੀ ਹੈ ਕਿ ਕੁਦਰਤ ਉਨ੍ਹਾਂ ਦੀਆਂ ਕਵਿਤਾਵਾਂ ਵਿਚ ਭਰਪੂਰ ਰੂਪ ਵਿਚ ਰਮੀ ਹੋਈ ਹੈ। ਰੁੱਖ, ਵੇਲਾਂ, ਬੂਟੇ, ਝਰਨੇ, ਚਸ਼ਮੇ, ਝੀਲਾਂ, ਨਦੀਆਂ ਉਨ੍ਹਾਂ ਦੇ ਕਾਵਿ-ਸੰਸਾਰ ਵਿਚ ਥਾਂ-ਪੁਰ-ਥਾਂ ਵਿਦਮਾਨ ਹਨ। ਕਸ਼ਮੀਰ ਬਾਰੇ ਲਿਖੀਆਂ ਗਈਆਂ ਇਨ੍ਹਾਂ ਕਵਿਤਾਵਾਂ ਵਿਚ ਤਾਂ ਖ਼ਾਸ ਕਰ ਕੇ ਕੁਦਰਤ ਦਾ ਜਮਾਲ ਦਿਖਾਈ ਦਿੰਦਾ ਹੈ ਪਰ ਕਸ਼ਮੀਰ ਬਾਰੇ ਲਿਖੀਆਂ ਕਵਿਤਾਵਾਂ ਸਿਰਫ਼ ਕੁਦਰਤ ਬਾਰੇ ਹੀ ਨਹੀਂ। ਇਸ ਵਿਚ ਕਸ਼ਮੀਰ ਦੀ ਧਰਤ ਦੇ ਉਹ ਦ੍ਰਿਸ਼ ਵੀ ਹਨ ਜਿਹੜੇ ਉਨ੍ਹਾਂ ਕੋਲੋਂ ਮਾਰਤੰਡ ਦੇ ਮੰਦਰ ਜਿਹੀਆਂ ਕਵਿਤਾਵਾਂ ਲਿਖਵਾਉਂਦੇ ਹਨ। ਮਾਰਤੰਡ ਦਾ ਮੰਦਰ ਜਿਹੜਾ ਅੱਠਵੀਂ ਸਦੀ ਵਿਚ ਕਰਕੋਟਾ ਵੰਸ਼ ਦੇ ਮਹਾਰਾਜਾ ਲਲਿਤਆਦਿਤਯਾ ਮੁਕਤਪੀਡ ਨੇ ਬਣਵਾਇਆ ਸੀ ਤੇ ਪੰਦਰਵੀਂ ਸਦੀ ਦੇ ਆਰੰਭ ਵਿਚ ਸਿਕੰਦਰ ਬੁੱਤਸ਼ਿਕਨ ਨੇ ਬੁਰੀ ਤਰ੍ਹਾਂ ਤੋੜ ਦਿੱਤਾ ਸੀ। ਇਸ ਬਾਰੇ ਭਾਈ ਵੀਰ ਸਿੰਘ ਹੋਰਾਂ ਦੀਆਂ ਦੋ ਛੋਟੀਆਂ ਛੋਟੀਆਂ ਬਹੁਤ ਖ਼ੂਬਸੂਰਤ ਕਵਿਤਾਵਾਂ, ਇਸ ਸਿਰਜਣਾ ਨੂੰ ਇਸ ਤਰ੍ਹਾਂ ਬਰਬਾਦ ਕਰਨ ਪਿੱਛੇ ਕੰਮ ਕਰਨ ਵਾਲੀ ਸੋਚ ਉੱਤੇ ਚੋਟ ਕਰਦੀਆਂ ਹਨ:

ਮਾਰ ਪਈ ਜਦ ਮਾਰਤੰਡ ਨੂੰ ਪੱਥਰ ਰੋ ਕੁਰਲਾਣੇ  
ਪੱਥਰ ਤੋੜੇਂ? ਦਿਲ ਪਏ ਟੁੱਟਦੇ! ਦਿਲ ਕਾਬਾ ਰੱਬਾਣੇ  
ਲਾਇ ਹਥੌੜਾ ਸਾਨੂੰ? ਪਰ ਤੱਕ! ਸੱਟ ਪਏ ਰਬ-ਘਰ ਨੂੰ  
ਘਟ ਘਟ ਦੇ ਵਿਚ ਵਸਦਾ ਜਿਹੜਾ! ਤੂੰ ਕਿਹਨੂੰ ਰੱਬ ਸਿਵਾਣੇ?  
ਮਾਰਤੰਡ ਨੂੰ ਮਾਰ ਪਿਆਂ ਹੋਈ ਮੁੱਦਤ ਕਹਿੰਦੀ ਲੋਈ  
ਪਰ ਕੰਬਣੀ ਪੱਥਰਾਂ ਵਿਚ ਹੁਣ ਤੱਕ ਸਾਨੂੰ ਸੀ ਸਹੀ ਹੋਈ:  
ਹਾਇ ਹੁਨਰ ਤੇ ਹਾਇ ਵਿੱਦਿਆ ਹਾਇ ਦੇਸ਼ ਦੀ ਤਾਕਤ  
ਹਾਇ ਹਿੰਦ ਫਲ ਫਾੜੀਆਂ ਵਾਲੇ ਹਰ ਸਿੱਲ ਕਹਿੰਦੀ ਰੋਈ

ਏਸੇ ਤਰ੍ਹਾਂ ਅੱਠਵੀਂ ਤੇ ਨੌਵੀਂ ਸਦੀ ਦੌਰਾਨ ਉਸਾਰੇ ਅਵੰਤੀਪੁਰੇ ਦੇ ਮੰਦਰਾਂ ਦੇ ਖੰਡਰ ਭਾਈ ਵੀਰ ਸਿੰਘ ਹੋਰਾਂ ਦੀ ਇਕ ਕਵਿਤਾ ਵਿਚ ਬਹੁਤ ਮਾਰਮਿਕ ਰੂਪ ਵਿਚ ਅੰਕਿਤ ਹੋਏ ਮਿਲਦੇ ਹਨ:

ਅਵੰਤੀ ਪੁਰਾ ਕੀ ਰਹਿ ਗਿਆ ਬਾਕੀ ਦੋ ਮੰਦਰਾਂ ਦੇ ਢੇਰ  
ਬੀਤ ਚੁੱਕੀ ਸਭਯਤਾ ਦੇ ਖੰਡਰ ਦੱਸਦੇ ਸਮੇਂ ਦੇ ਫੇਰ  
ਸਾਖੀ ਭਰ ਰਹੇ ਓਸ ਅੱਖ ਦੀ ਜਿਸ ਵਿਚ ਮੋਤੀਆਬਿੰਦ  
ਹੁਨਰ ਪਛਾਣਨ ਵੱਲੋਂ ਛਾਇਆ, ਗੁਣ ਦੀ ਰਹੀ ਨਾ ਜਿੰਦ  
'ਜੋਸ਼ ਮਜ਼ਹਬ' ਤੇ 'ਕਦਰ-ਹੁਨਰ' ਦੀ ਰਹੀ ਨ ਠੀਕ ਤਮੀਜ਼  
ਰਾਜ਼ੀ ਕਰਦੇ ਹੋਰਾਂ ਤਾਈਂ ਆਪੂੰ ਬਣੇ ਮਰੀਜ਼  
ਬੁਤ ਪੂਜਾ? 'ਬੁਤ' ਫੇਰ ਹੋ ਪਏ 'ਹੁਨਰ' ਨ ਪਰਤਯਾ ਹਾਇ  
ਮਰ ਮਰ ਕੇ 'ਬੁੱਤ' ਫੇਰ ਉਗਮ ਪਏ ਗੁਣ ਨੂੰ ਕੌਣ ਜੀਵਾਇ?

ਭਾਈ ਵੀਰ ਸਿੰਘ ਹੋਰਾਂ ਦੀਆਂ ਕਵਿਤਾਵਾਂ ਵਿਚ ਕਸ਼ਮੀਰ ਦੇ ਧਰਤ ਦ੍ਰਿਸ਼ ਦਾ ਬਹੁਤ ਸੰਵੇਦਨਸ਼ੀਲ ਬਿਆਨ ਮਿਲਦਾ ਹੈ। ਇਸ ਵਿਚ ਕਸ਼ਮੀਰ ਦਾ ਸਿਰਫ਼ ਭੂਗੋਲ ਹੀ ਸ਼ਾਮਿਲ ਨਹੀਂ, ਉਸ ਦਾ ਇਤਿਹਾਸ ਵੀ ਸ਼ਾਮਿਲ ਹੈ। ਖ਼ਾਸ ਕਰ ਕੇ ਉਨ੍ਹਾਂ ਦੀ ਲੰਮੀ ਕਵਿਤਾ 'ਦੁਮੇਲ ਦੇ ਪਾਣੀਆਂ ਦਾ ਨਾਦ'।

ਦੁਮੇਲ ਉਹ ਜਗ੍ਹਾ ਹੈ ਜਿੱਥੇ ਦਰਿਆ ਜਿਹਲਮ ਅਤੇ ਦਰਿਆ ਕਿਸ਼ਨਗੰਗਾ ਮਿਲਦੇ ਹਨ। ਇਸ ਕਵਿਤਾ ਵਿਚ ਰਾਮ ਦੇ ਬਨਵਾਸ, ਭਰਤ ਦੀ ਫੇਰੀ, ਬੁੱਧ ਦੀ ਸਮਾਧੀ, ਸਿਕੰਦਰ ਦੇ ਹਮਲੇ, ਪੁਰੂਰਵ ਦੀ ਬਹਾਦਰੀ, ਚੰਦਰ ਗੁਪਤ ਦੇ ਸੁਤੰਤਰ ਰਾਜ, ਅਸ਼ੋਕ ਪਿਯ ਦਾਸੀ ਦਾ ਬੁੱਧ ਧਰਮ ਪਾਸਾਰ, ਵਿਕ੍ਰਮ, ਹਰਸ਼, ਕਨਿਸ਼ਕ, ਮਹਿਮੂਦ ਆਦਿ ਦੀ ਹਕੂਮਤ, ਗੁਰੂ ਨਾਨਕ ਦੇ ਬੋਲਾਂ ਦੀ ਮਰਹਮ, ਗੁਰੂ ਹਰਿਗੋਬਿੰਦ ਜੀ ਦੀ ਆਮਦ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸ਼ਾਨ...। ਇਸ ਕਵਿਤਾ ਵਿਚ ਉਨ੍ਹਾਂ ਸਭਨਾਂ ਦਾ ਜ਼ਿਕਰ ਹੈ ਜਿਨ੍ਹਾਂ ਦੀਆਂ ਪੈੜਾਂ ਇਸ ਧਰਤ ਤੇ ਪਈਆਂ। ਇਸ ਕਵਿਤਾ ਤੋਂ ਕਸ਼ਮੀਰ ਦੇ ਪੰਜਾਬ ਅਤੇ ਸਿੱਖ ਪੰਥ ਨਾਲ ਕਸ਼ਮੀਰ ਦੇ ਗਹਿਰੇ ਰਿਸ਼ਤੇ ਦੀ ਵੀ ਥਾਹ ਮਿਲਦੀ ਹੈ। (ਇਹ ਥਾਹ ਕਵਿਤਾ ਮਟਨ ਸਾਹਿਬ ਵਿਚੋਂ ਵੀ ਪਾਈ ਜਾ ਸਕਦੀ ਹੈ) ਦੁਮੇਲ ਦੇ ਪਾਣੀਆਂ ਦੇ ਨਾਦ ਵਿਚ ਕਮਾਲ ਦੀ ਗੱਲ ਇਹ ਵੀ ਹੈ ਕਿ ਇਸ ਧਰਤ-ਖੰਡ ਦੇ ਸਾਰੇ ਦੁੱਖਾਂ ਸੁੱਖਾਂ, ਤਬਾਹੀਆਂ, ਪੁਨਰਵਾਸਾਂ ਦੇ ਇਤਿਹਾਸ ਦੌਰਾਨ ਦੁਮੇਲ ਦੇ ਪਾਣੀਆਂ ਨੇ ਆਪਣਾ ਗੀਤ ਨਹੀ ਬਦਲਿਆ। ਇਹ ਆਪਣੀ ਓਸੇ ਅਮਰ ਧੁਨ ਵਿਚ ਗਾਉਂਦਾ ਰਿਹਾ:

ਦਿਨੇ ਰਾਤੀ ਚਲੇ ਪਰਵਾਹ ਤੇਰਾ  
ਤੇ ਬੇਪਰਵਾਹ ਛਿੜਿਆ ਰਾਗ ਤੇਰਾ  
ਇਕੋ ਧੁਨ ਮਸਤ ਧੁਨ ਤੂੰ ਲਾ ਰਿਹਾ ਹੈਂ  
ਇੱਕੋ ਸੁਰ ਛੇੜ ਕੇ ਤੂੰ ਗਾ ਰਿਹਾ ਹੈਂ

ਇਹ ਰਾਗ ਕੁਦਰਤ ਦਾ ਰਾਗ ਹੈ, ਇਹ ਰਾਗ ਉਸ ਸੁਰਤੀ ਦਾ ਰਾਗ ਹੈ ਜਿਹੜੀ ਜੀਵਨ ਦੇ ਸਦੀਵੀ ਸੱਚੇ ਮਕਸਦ ਨਾਲ ਜੁੜੀ ਹੈ। ਇਹ ਸੂਫ਼ੀਆਂ ਦਾ ਰਾਗ ਹੈ, ਇਹ ਭਗਤਾਂ ਦਾ ਰਾਗ ਹੈ, ਇਹ ਭਾਈ ਵੀਰ ਸਿੰਘ ਦਾ ਰਾਗ ਹੈ।

ਭਾਈ ਵੀਰ ਸਿੰਘ ਹੋਰਾਂ ਦੀਆਂ ਕਸ਼ਮੀਰ ਬਾਰੇ ਲਿਖੀਆਂ ਕਵਿਤਾਵਾਂ ਉਨ੍ਹਾਂ ਪਾਣੀਆਂ ਵਰਗੀਆਂ ਹਨ ਜਿਹੜੇ ਧਰਤੀ ਦੇ ਦੁੱਖਾਂ ਸੁੱਖਾਂ ਦੇ ਵਸੇਬਿਆਂ ਉਜਾੜਿਆਂ ਕੋਲੋਂ ਲੰਘਦੇ ਹਨ। ਇਨ੍ਹਾਂ ਦੇ ਪਾਣੀਆਂ ਦਾ ਵਹਿਣ, ਰੰਗ ਤੇ ਤੋਰ ਬਦਲ ਜਾਂਦੀ ਹੈ ਪਰ ਇਨ੍ਹਾਂ ਪਾਣੀਆਂ ਨੂੰ ਆਪਣੀ ਮੰਜ਼ਿਲ ਨਹੀ ਭੁੱਲਦੀ। ਇਸ ਮੰਜ਼ਿਲ ਦਾ ਜ਼ਿਕਰ ਭਾਈ ਵੀਰ ਸਿੰਘ ਕਸ਼ਮੀਰ ਦੇ ਚਸ਼ਮੇ 'ਇੱਛਾਬਲ' ਬਾਰੇ ਲਿਖੀ ਮਸ਼ਹੂਰ ਕਵਿਤਾ 'ਚ ਕਰਦੇ ਹਨ। ਇਸ ਕਵਿਤਾ ਵਿਚ ਮਾਨਵੀ ਲਗਨ, ਸਿਦਕ, ਪਿਆਰ ਅਤੇ ਸਦਾ ਮੁਸਾਫ਼ਿਰ ਰਹਿਣ ਦਾ ਉਮਾਹ ਭਰਿਆ ਸੁਨੇਹਾ ਹੈ :

ਸੰਝ ਹੋਈ ਪਰਛਾਵੇਂ ਛੁਪ ਗਏ ਕਿਉਂ ਇੱਛਾਬਲ ਤੂੰ ਜਾਰੀ?  
ਨੈਂ ਸਰੋਦ ਕਰ ਰਹੀ ਉਵੇਂ ਹੀ ਤੇ ਟੁਰਨੋਂ ਬੀ ਨਹਿ ਹਾਰੀ  
ਸੈਲਾਨੀ ਤੇ ਪੰਛੀ ਮਾਲੀ ਹਨ ਸਭ ਆਰਾਮ ਵਿਚ ਆਏ  
ਸਹਿਮ ਸੁਾਦਲਾ ਛਾ ਰਿਹਾ ਸਾਰੇ ਤੇ ਕੁਦਰਤ ਟਿਕ ਗਈ ਸਾਰੀ

ਚਸ਼ਮੇ ਦੇ ਜਵਾਬ ਵਿਚ ਹੀ ਉਹ ਸਦੀਵੀ ਗੀਤ ਸ਼ਾਮਲ ਹੈ ਜਿਹੜੇ ਦੁਮੇਲ ਦੇ ਪਾਣੀ ਗਾਉਂਦੇ ਹਨ:

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀ ਬਹਿੰਦੇ
ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ
ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ
ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿੱਤ ਰਹਿੰਦੇ

ਭਾਈ ਵੀਰ ਸਿੰਘ ਹੋਰਾਂ ਦੀਆਂ ਇਹ ਕਵਿਤਾਵਾਂ ਪੜ੍ਹਦਿਆਂ ਅਸੀਂ ਕਸ਼ਮੀਰ ਦੇ ਧਰਤ-ਦ੍ਰਿਸ਼ ਦੀ ਲਾਸਾਨੀ ਸੁੰਦਰਤਾ ਨੂੰ ਤਾਂ ਮਾਣਦੇ ਹੀ ਹਾਂ ਪਰ ਇਸ ਦੇ ਨਾਲ ਹੀ ਅਸੀਂ ਭਾਈ ਵੀਰ ਸਿੰਘ ਦੀ ਸੰਵੇਦਨਾ, ਉਨ੍ਹਾਂ ਦੀ ਜੀਵਨ ਦ੍ਰਿਸ਼ਟੀ ਤੇ ਉਨ੍ਹਾਂ ਦੀ ਸੋਚ ਨਾਲ ਵੀ ਵਾਕਿਫ਼ ਹੁੰਦੇ ਹਾਂ। ਇਹ ਵਾਕਫ਼ੀ ਸਾਨੂੰ ਪਰੋਖ ਰੂਪ ਵਿਚ ਉਨ੍ਹਾਂ ਦੀਆਂ ਤੁਲਨਾਵਾਂ ਤੋਂ ਹੁੰਦੀ ਹੈ ਜਿਹੜੀਆਂ ਤੁਲਨਾਵਾਂ ਉਨ੍ਹਾਂ ਦੇ ਬਿਆਨ ਨੂੰ ਆਕਰਸ਼ਕ ਅਤੇ ਵਧੇਰੇ ਜੀਵੰਤ ਬਣਾਉਂਦੀਆਂ ਹਨ।

ਨਸੀਮ ਬਾਗ ਦੀਆਂ ਠੰਢੀਆਂ ਮਿੱਠੀਆਂ ਛਾਂਵਾਂ ਦੀ ਤੁਲਨਾ ਉਹ ਮਾਂਵਾਂ ਨਾਲ ਕਰਦੇ ਹਨ। ਚਸ਼ਮਾ ਸ਼ਾਹੀ ਨੂੰ ਉਹ ਕਿਸੇ ਐਸੀ ਸ਼ਖ਼ਸੀਅਤ ਵਾਂਗ ਦੇਖਦੇ ਹਨ ਜਿਸਨੂੰ ਹਨ੍ਹੇਰੇ ਅਤੇ ਪੱਥਰਾਂ ਦੇ ਭਾਰ ਰੋਕ ਨਹੀਂ ਸਕਦਾ, ਉਹ ਇਨ੍ਹਾਂ ਸਭਨਾਂ ਦੇ ਬਾਵਜੂਦ ਉੱਮਲ ਕੇ ਬਾਹਰ ਆ ਜਾਂਦਾ ਹੈ ਤੇ ਬੇਪਰਵਾਹੀ ਨਾਲ ਆਪਣਾ ਆਪਾ ਜਹਾਨ ਨੂੰ ਵੰਡਦਾ ਹੈ ।ਰੰਧਿਕ ਦਾ ਚਸ਼ਮਾ ਉਨ੍ਹਾਂ ਲਈ ਕਿਸੇ ਦਇਆਵਾਨ ਵੈਦ ਵਾਂਗ ਹੈ ਜੋ ਦੁਨੀਆ ਦੇ ਰੋਗਾਂ ਦਾ ਨਿਵਾਰਨ ਕਰਨ ਲਈ ਜਹਾਨ ਤੇ ਆਇਆ ਹੈ। ਅੱਫਰਵਾਟ ਦੀ ਚੋਟੀ ਉਨ੍ਹਾਂ ਦੀ ਕਵਿਤਾ ਦਿਗੰਬਰ ਵੇਸ ਪਹਿਨੀ ਕੁਆਰੀ ਕੁਦਰਤ ਵਾਂਗ ਹੈ। ਨਿਸ਼ਾਤ ਬਾਗ ਨੂੰ ਉਹ ਕਿਸੇ ਬਾਦਸ਼ਾਹ ਵਾਂਗ ਦੇਖਦੇ ਹਨ ਜੋ ਪਰਬਤ ਦੀ ਗੋਦੀ ਵਿਚ ਬਿਰਾਜਮਾਨ ਹੈ।ਜਿਸ ਦੇ ਦੁਆਲੇ ਟਿੱਲੇ ਪਹਿਰੇਦਾਰਾਂ ਵਾਂਗ ਖੜੇ ਹਨ। ਡੱਲ ਝੀਲ ਸਜੇ ਹੋਏ ਦਰਬਾਰ ਵਾਂਗ ਹੈ। ਸੱਜੇ ਖੱਬੇ ਰੁੱਖ ਚੋਬਦਾਰ ਪਹਿਰੇਦਾਰਾਂ ਵਾਂਗ ਖੜ੍ਹੇ ਹਨ। ਡੱਲ ਝੀਲ ਦੇ ਝੂਮਦੇ ਕੰਵਲ ਕੁਹਕਾਫ਼ ਦੀਆਂ ਪਰੀਆਂ ਜਾਪਦੇ ਹਨ। ਮਾਨਸ ਬਲ ਵਿਚ ਕਿਸੇ ਪੁਰਾਣੀ ਬਾਤ ਜਿਹਾ ਦਿਲਚਸਪ ਮਾਹੌਲ ਹੈ ਜਿਸ ਦਿਓ ਤੇ ਪਰੀ ਦੀ ਸ਼ਮੂਲੀਅਤ ਹੈ। ਗਗਰੀ ਨਾਗ ਉਸ ਵਿਅਕਤੀ ਵਾਂਗ ਹੈ ਜੋ ਜਗਤ ਦੀ ਮੈਲ ਧੋਂਦਾ ਥੱਕ ਗਿਆ ਤੇ ਹੁਣ ਬੁਲੰਦੀਆਂ ਉੱਪਰ ਆਰਾਮ ਫ਼ਰਮਾ ਰਿਹਾ ਹੈ। ਕੁੱਕੜ ਨਾਗ ਕਿਸੇ ਨਟਖਟ ਬਾਲ ਵਾਂਗ ਗੀਟਿਆਂ ਨਾਲ ਖੇਡਦਾ ਨੱਚਦਾ ਜਾ ਰਿਹਾ ਹੈ। ਇੱਛਾਬਲ ਦਾ ਵਹਿਣ ਕਿਸੇ ਪ੍ਰੇਮ-ਰੱਤੇ ਇਨਸਾਨ ਦੀ ਯਾਦ ਕਰਵਾਉਂਦਾ ਹੈ ਜਿਹੜਾ ਆਪਣੇ ਪਿਆਰੇ ਦੇ ਵਸਲ ਲਈ ਦਿਨ ਰਾਤ ਤੁਰ ਰਿਹਾ ਹੈ ।ਕਵਿਤਾ ਸ਼ਾਲਾਮਾਰ ਵਿਚ ਚਨਾਰ ਜੋਗੀਆਂ ਵਾਂਗ ਖੜ੍ਹੇ ਹਨ। ਵੈਰੀ ਨਾਗ ਦੀ ਝਲਕ ਵਿਚੋਂ ਉਹ ਬਿਨਾ ਸਾਜ਼ ਆਵਾਜ਼ ਹੀ ਸੰਗੀਤ ਰਸ ਮਾਣਦੇ ਹਨ ਤੇ ਉਸਦੀ ਚੁੱਪ ਵਿਚੋਂ ਕਵਿਤਾ ਸੁਣਦੇ ਹਨ। ਗਨੇਸ਼ਪੁਰ ਦੇ ਟਿੱਬੇ ਦੀਆਂ ਜੂਹਾਂ ਦੀਆਂ ਚੀੜ੍ਹਾਂ ਦੇ ਚਸ਼ਮਿਆਂ ਦੀ ਆਵਾਜ਼ ਵਿਚੋਂ ਉਹ ਬਾਬਾ ਨਾਨਕ ਦੀ ਆਵਾਜ਼ ਸੁਣਦੇ ਹਨ :

ਇਉਂ ਜਾਪੇ ਜਿਉਂ ਵਾਜ ਇਲਾਹੀ ਗੁਰੂ ਨਾਨਕ ਦੀ ਆਵੇ
ਨਾਲ ਅਯਾਲੀ ਗੋਸ਼ਟ ਕਰਦੇ ਨਦਰਾਂ ਪਾ ਪਾ ਮਿੱਠੀਆਂ

ਸੁਗਾਮ ਚਸ਼ਮੇ ਦੀ ਮੰਦੀ ਹਾਲਤ ਵੇਖ ਕੇ ਉਨ੍ਹਾਂ ਨੂੰ ਆਪਣੇ ਸਮਿਆਂ ਦੇ ਹਿੰਦ ਦਾ ਖ਼ਿਆਲ ਆਉਂਦਾ ਹੈ ਜਿਹੜਾ ਗੁਲਾਮ ਹੋ ਕੇ ਆਪਣੀ ਪ੍ਰਾਚੀਨ ਸ਼ਾਨ ਨੂੰ ਗਵਾ ਚੁੱਕਾ ਹੈ ਪਰ ਫਿਰ ਵੀ ਇਹਦੇ ਅੰਦਰ ਇਹਦੀ ਜਿੰਦ:

ਜੀਉਂਦਾ ਹੈ ਪਰ ਤੇਰੇ ਵਾਂਙੂ ਸੁੱਕਾ ਸਾਵਾ ਸੱਖਣਾ
ਸਿਰ ਦੀਆਂ ਸੱਟਾਂ ਖਾਧੀਆਂ ਸੂ ਪਰ ਜਿੰਦੋ ਅਜੇ ਨ ਮਰਿਆ

ਡੱਲ ਦੇ ਪਾਣੀ ਨੂੰ ਉਹ ਕਿਸੇ ਅਨੰਤ ਖ਼ਿਮਾਸ਼ੀਲ ਵਿਅਕਤੀ ਦੇ ਰੂਪ ਵਿਚ ਵੇਖਦੇ ਹਨ:

ਡੱਲ ਦੇ ਪਾਣੀ ਹੱਸ ਅੱਜ ਬੋਲੇ ਤੱਕ ਅਸਾਂ ਵੱਲ ਭਾਈ
ਜੀ ਆਇਆਂ ਆਖਾਂ ਮੈਂ ਜਿਸ ਨੂੰ ਕਿਸ਼ਤੀ ਓਨ ਚਲਾਈ
ਵੰਝ ਖੁਭੋਵੇ, ਚੱਪੇ ਮਾਰੇ ਟੋਰ ਕਿਸ਼ਤੀਆਂ ਚੀਰੇ
ਮੈ ਝੱਲਾਂ ਦਿਲ ਵੱਟ ਨ ਲਿਆਵਾਂ ਝੱਟ ਪੱਟ ਜ਼ਖ਼ਮ ਮਿਲਾਈ

ਆਪਣੀ ਇਕ ਕਵਿਤਾ 'ਫ਼ਰਾਮੁਰਜ਼ ਦੀ ਵਿਲਕਣੀ' ਵਿਚ ਭਾਈ ਵੀਰ ਸਿੰਘ ਕਸ਼ਮੀਰ ਦੀ ਖ਼ੂਬਸੂਰਤੀ ਦਾ ਬਿਆਨ ਇਕ ਦੰਤ-ਕਥਾ ਨਾਲ ਕਰਦੇ ਹਨ। ਇਸ ਕਥਾ ਵਿਚ ਅੱਲ੍ਹਾ ਫ਼ਰਾਮੁਰਜ਼ ਦੇ ਖ਼ਾਬ ਵਿਚ ਆ ਕੇ ਉਸ ਨੂੰ ਜੰਨਤ ਅਤੇ ਹੂਰਾਂ ਬਖ਼ਸ਼ਦਾ ਹੈ ਤੇ ਉਸ ਨੂੰ ਜੰਨਤ ਦਾ ਨਜ਼ਾਰਾ ਅਤੇ ਹੂਰਾਂ ਦਿਖਾਉਂਦਾ ਹੈ ਪਰ ਫ਼ਰਾਮੁਰਜ਼ ਤ੍ਰਭਕ ਕੇ ਉੱਠਦਾ ਹੈ ਤੇ ਅੱਲ੍ਹਾ ਅੱਗੇ ਲਿਲਕੜੀਆਂ ਲੈ ਕੇ ਆਖਦਾ ਹੈ: ਹੇ ਅੱਲ੍ਹਾ ਜੇ ਤੂੰ ਮੇਰੇ ਤੇ ਸੱਚਮੁਚ ਹੀ ਮਿਹਰਬਾਨ ਹੈਂ ਤਾਂ ਮੈਨੂੰ ਜੰਨਤ ਤੇ ਹੂਰਾਂ ਨਾ ਬਖ਼ਸ਼। ਮੈਨੂੰ ਕਸ਼ਮੀਰ ਜੰਨਤ ਨਾਲੋਂ ਵੀ ਸੁਹਣਾ ਲਗਦਾ ਹੈ ਤੇ ਆਪਣੀ ਰਾਣੀ ਲਾਲਾਰੁਖ਼ ਹੂਰਾਂ ਨਾਲੋਂ ਵੀ ਪਿਆਰੀ ਲਗਦੀ ਹੈ।

ਭਾਈ ਵੀਰ ਸਿੰਘ ਦੀਆਂ ਕਸ਼ਮੀਰ ਕਵਿਤਾਵਾਂ ਦੀ ਇਹ ਕਿਤਾਬ ਬਹੁਤ ਦਿਲਕਸ਼ ਅਤੇ ਮੁੱਲਵਾਨ ਹੈ। ਇਸ ਪੁਸਤਕ ਵਿਚ ਅਸੀਂ ਮਹਾਂਕਵੀ ਭਾਈ ਵੀਰ ਸਿੰਘ ਜੀ ਦੀਆਂ ਸੁਹਜਮਈ ਨਜ਼ਰਾਂ ਰਾਹੀਂ ਉਨ੍ਹਾਂ ਦੀ ਕਮਾਲ ਦੀ ਭਾਸ਼ਾ ਵਿਚ ਕਸ਼ਮੀਰ ਨੂੰ ਦੇਖਦੇ ਹਾਂ, ਕਸ਼ਮੀਰ ਦੇ ਇਤਿਹਾਸ ਨੂੰ ਦੇਖਦੇ ਹਾਂ, ਕਸ਼ਮੀਰ ਦੇ ਆਨੰਦ ਅਤੇ ਉਸ ਦੇ ਦਰਦ ਨੂੰ ਵੀ ਨਿਹਾਰਦੇ ਹਾਂ ਪਰ ਨਾਲ ਦੀ ਨਾਲ ਅਸੀਂ ਭਾਈ ਵੀਰ ਸਿੰਘ ਹੋਰਾਂ ਦੇ ਕਾਵਿਕ ਮਨ ਦੇ ਵੀ ਦੀਦਾਰ ਕਰਦੇ ਹਾਂ।

ਇਨ੍ਹਾਂ ਕਵਿਤਾਵਾਂ ਵਿਚ ਮਾਨਵਤਾ ਲਈ ਇਕ ਮਹਾਨ ਸੰਦੇਸ਼ ਵੀ ਰਮਿਆ ਹੋਇਆ ਹੈ ਕਿ ਇਸ ਧਰਤੀ ਦੇ ਕਣ ਕਣ ਵਿਚ ,ਘਾਟ ਘਾਟ ਵਿਚ, ਹਰ ਪ੍ਰਾਣੀ ਵਿਚ, ਹਰ ਦਿਲ ਵਿਚ ਰੱਬ ਦਾ ਵਾਸ ਹੈ। ਮੰਦਰ, ਮਸਜਿਦ, ਗੁਰਦੁਆਰੇ ਹੀ ਨਹੀਂ ਸਾਰੀ ਸ੍ਰਿਸ਼ਟੀ, ਹਰ ਦਿਲ, ਹਰ ਕਣ ਹੀ ਰੱਬ ਦਾ ਘਰ ਹੈ:

ਮਾਰ ਪਈ ਜਦ ਮਾਰਤੰਡ ਨੂੰ ਪੱਥਰ ਰੋ ਕੁਰਲਾਣੇ
ਪੱਥਰ ਤੋੜੇਂ? ਦਿਲ ਪਏ ਟੁੱਟਦੇ! ਦਿਲ ਕਾਬਾ ਰੱਬਾਣੇ
ਲਾਇ ਹਥੌੜਾ ਸਾਨੂੰ? ਪਰ ਤੱਕ! ਸੱਟ ਪਏ 'ਰਬ-ਘਰ' ਨੂੰ
ਘਟ ਘਟ ਦੇ ਵਿਚ ਵਸਦਾ ਜਿਹੜਾ! ਤੂੰ ਕਿਹਨੂੰ ਰੱਬ ਸਿਵਾਣੇ?

ਇਨ੍ਹਾਂ ਕਵਿਤਾਵਾਂ ਦਾ ਸੁਹਜ ਭਰਿਆ ਅੰਗਰੇਜ਼ੀ ਅਨੁਵਾਦ ਇਨ੍ਹਾਂ ਕਵਿਤਾਵਾਂ ਨੂੰ ਇਕ ਵਿਸ਼ਾਲ ਪਾਠਕ ਵਰਗ ਲਈ ਸੁਲੱਭ ਬਣਾ ਦੇਵੇਗਾ। ਅਸੀਂ ਕਸ਼ਮੀਰ ਦੇ ਹੁਸਨ ਨੂੰ ਤੇ ਭਾਈ ਵੀਰ ਸਿੰਘ ਹੋਰਾਂ ਦੇ ਹੁਸਨ-ਏ-ਬਿਆਂ ਨੂੰ ਦੂਰ ਦੂਰ ਤੱਕ ਫੈਲਦਾ ਦੇਖ ਸਕਾਂਗੇ। ਭਾਈ ਵੀਰ ਸਿੰਘ ਹੋਰਾਂ ਦੀਆਂ ਕਸ਼ਮੀਰ-ਕਵਿਤਾਵਾਂ ਦੇ ਸੰਕਲਨ ਅਤੇ ਅਨੁਵਾਦ ਦੇ ਵਿਚਾਰ ਲਈ ਤੇ ਇਸ ਦੇ ਅਦਭੁਤ ਪ੍ਰਕਾਸ਼ਨ ਲਈ ਮੈਂ ਭਾਈ ਵੀਰ ਸਿੰਘ ਸਾਹਿਤ ਸਦਨ ਅਤੇ ਇਸ ਦੇ ਰੂਹੇ ਰਵਾਂ ਡਾ. ਮਹਿੰਦਰ ਸਿੰਘ ਹੋਰਾਂ ਨੂੰ ਬਹੁਤ ਬਹੁਤ ਮੁਬਾਰਕਬਾਦ ਦਿੰਦਾ ਹਾਂ।

ਇਨ੍ਹਾਂ ਸ਼ਬਦਾਂ ਨਾਲ ਮੈ ਭਾਈ ਵੀਰ ਸਿੰਘ ਹੋਰਾਂ ਦੀ ਸੋਭਾਵੰਤ ਸ਼ਖ਼ਸੀਅਤ, ਉਨ੍ਹਾਂ ਦੀ ਮਹਾਨ ਪ੍ਰਤਿਭਾ ਤੇ ਉਨ੍ਹਾਂ ਦੇ ਬਹੁਪੱਖੀ ਯੋਗਦਾਨ ਨੂੰ ਪ੍ਰਣਾਮ ਕਰਦਾ ਹਾਂ। ਕਸ਼ਮੀਰ ਦੀ ਧਰਤੀ 'ਤੇ ਇਸ ਦੇ ਪਿਆਰੇ ਲੋਕਾਂ ਨੂੰ ਆਪਣਾ ਪਿਆਰ ਅਰਪਿਤ ਕਰਦਾ ਹਾਂ। ਇਸ ਕਾਵਿ ਪੁਸਤਕ ਦੇ ਪਾਠਕਾਂ ਨੂੰ ਨਮਸਕਾਰ ਕਰਦਾ ਹਾਂ ਜਿਹੜੇ ਇਸ ਪੁਸਤਕ ਵਿਚੋਂ ਦਿਗੰਬਰ ਕੁਦਰਤ ਦੀ ਅਨੂਠੀ ਖ਼ੂਬਸੂਰਤੀ, ਭਾਈ ਵੀਰ ਸਿੰਘ ਹੋਰਾਂ ਦੀ ਮਹਾਨ ਕਾਵਿਕ ਪ੍ਰਤਿਭਾ ਦੀ ਸੁਹਜ-ਸਿਰਜਣਾ ਦੇ ਜਲੌਅ ਅਤੇ ਪੱਥਰਾਂ ਦੀ ਸਦੀਵੀ ਥਰਥਰਾਹਟ ਨੂੰ ਮਹਿਸੂਸ ਕਰਨਗੇ।

---

*ਇਹ ਲੇਖ ਪੁਸਤਕ **ਕਸ਼ਮੀਰ : ਟੁਕੜੀ ਜਗ ਤੋਂ ਨਿਆਰੀ** ਦੇ ਮੁੱਖਬੰਧ 'ਚੋਂ ਲਿਆ ਗਿਆ ਹੈ।

### Impact of COVID-19 on Women:

# A Glance on Bhai Vir Singh's Perception of Womanhood

❖ Roopam Jasmeet Kaur*

Many a times this question is being raised "have the women received equal rights to men in society?" The answer is often in negative. We keep listening about the acts of physical, mental or verbal abuse on women. The news channels and newspapers are found replete with such shameful information. The COVID-19 pandemic has influenced the whole humanity. Though no section of the society and no single creature on earth remains untouched by the grim impact of the pandemic, women all over the world are the most affected by the socio-economic crisis unleashed by the pandemic. According to United Nations Women (The United Nations Entity for Gender Equality and the Empowerment of Women, established in 2011), the COVID-19 pandemic underscores society's reliance on women both on the frontline and at home, while simultaneously exposing structural inequalities across every sphere, from health to economy, security to social protection. In times of crisis, when resources are strained and institutional capacity is limited, women and girls face disproportionate impacts with far reaching consequences. Hard fought gains of human rights are also under threat. It is being further noted in one of the reports by UN Women, 'Responding to the pandemic is not just about rectifying the longstanding inequalities, but also about building a resilient world in the interest of everyone with women at the centre of recovery.'

The COVID-19 pandemic is not just a health issue. It is a profound shock to our societies and economies. Women are at the heart of care and response efforts underway. As frontline responders, health professionals, community volunteers, transport and logistic managers, scientists and more, women are making critical contributions to address the outbreak every day. A majority of care givers, at home and in our communities are also women. Thus, they are at increasing risk of infection, loss of livelihood, less access to sexual and reproductive health and rise in domestic violence during the crisis. There is no dearth of data and figures accumulated and published by UNO and other NGOs at national and international level.

In such estranged times, where so many questions are raised and we don't find a solution for them in our near environs, one way out can be to look back into our literature and classics and analyse what were their contemporary socio-cultural issues and what solutions they had to offer to those problems. This might form an interesting and useful exercise as while connecting us to our roots this also makes us understand the nature and origin of the problems we are facing at present and gives us an understanding of the same to face it in a wiser way. Following the same approach, I thought it would be interesting to read the First Novel written in Punjabi language, *Sundri*, and what was Bhai Vir Singh's perception of womanhood when he was writing this novel in twentieth century Punjab. 'Sundri' in literal sense means, a beautiful female. The writer chose this name to represent a woman who is beautiful not only in her outer garb but internally also she possesses a strong and beautiful self. The novel shapes the women identity beyond her physical beauty and highlights the qualities as the inner strength, warriorhood and the courage to fight against the evil, as the other side of womanhood. The choice of the author to name it as 'Sundri' emanates as the most suitable and appropriate one, wherein he brings out the real beauty of women, rejects the orthodox image of a woman which is often associated to her physical beauty and her role in reproduction and looking after the family.




As Harjeet Kaur Aks notes that it was in 1848 that women's rights movement started in New York. The Novel *Sundri* was written by Bhai Vir Singh in

1898. She was astonished to find the equality and decisiveness the author has given to Sundri and how she as a warrior is being happily accepted by her other fellow warriors. She was surprised to see the 'equality women folk enjoyed' in the novel, as a feature of modern literature. She compares between the roles assigned to women in English and Punjabi Literature which clearly state the actual condition of women in both the societies. She notes that as Bhai Vir Singh pens the novel, it depicts no begging of rights for equality by a women in front of her men folk. It seems as the boon of equality is bestowed upon Sikhs as a blessing. Thus where the world is still struggling to give a place of equality to women in present times, this novel takes us back to the vision of modern writer Bhai Vir Singh to whom a women was not only equal to men, but she was someone who had the strength to fight against the evil forces and who emerges out to be even stronger than her men folks when it comes to stand by her character, chastity and what she perceives is her moral duty to perform.

Sundri is the central character of the novel around whom the whole story revolves. It brings out a substantial transformation from Saraswati to Sunder Kaur. Where, in the beginning of the novel she is penned as a girl who was quite docile and weak, ready to burn herself as she was being molested by a Mughal soldier, her transformation into a women of strong determination and unshaking inner strength; who chose to devote the rest of her life amongst the bands of Sikh soldiers who were fighting against the Mughals for a higher purpose of defending their identity as a Sikh and fighting against the evil in defense of the weak and helpless symbolically reflects the change of names from Saraswati to Sunder Kaur. The author very wisely choses to name her Sunder Kaur, which reflects that a woman who owns both inner and outer strength is beautiful in the real sense.

Sundri portrays the character of a woman who has unflinching faith in Sikhism and who is ready to die in the service to her panth. The image of a 'saint soldier' is not set aside by the author for men alone. Interestingly, in this novel, he brings out his main character as a true saint soldier who transforms from Saraswati to Sundri, the two names representing the perception of womanhood Bhai Vir Singh wanted to present before his readers and inspire them too with the same. She leads an exemplary life, taking decisions for herself and chose to die in a dignified way while serving her panth.

Though the novel talks about the life of a Sikh women, it nowhere means that the story of Sundri can not inspire and change the perception of women in rest of the world. Infact, as the strong influence of western modern literature on Bhai Vir Singh cannot be rejected, and while taking his inspiration from the new ideas and vistas of western literature, he did not limit his ideas and creativity to any particular region, religion or school of thought. His ideas were original and his creativity was novel; taking its inspiration from the contemporary socio-cultural problems his society was facing. And finally he tried to offer solutions to these problems from his wide expanse of learning and scholarship; and gave a new identity to the Sikh society and its characters.

Here, I may propose to take you back to the beginning note of the essay where I started with a hope to take a lead from Bhai Vir Singh's perception of a woman, which may help us in placing the questions related to women's identity in the right context. The issues for which the struggle continues keep changing for women but the central question remains the same….this is the question of equality. Its high time, the society needs to develop an acceptance for the active participation, independent thinking and socio-economic empowerment of women as their basic rights. The unsung and unnoticed legacy of women needs to be acknowledged and the real beauty of womanhood, the hidden warrior inside her be cherished and applauded.

---

*Assistant Professor, Department of History,
SGTB Khalsa College, University of Delhi.

## HE SPEAKS NOT, NOR DOTH HE SMILE

He speaks not, nor doth he smile;

My love is like a statue made of spotless white marble!

He ravishes my soul   Ah! the all beautiful!

My heart aches and aches, but he unravels not the passion of my soul!

I desire, and he filleth me not.

I fain would turn away from him, but ah! the all beautiful!

Let my soul ache!

He speaketh not, nor doth he smile!

Enough for me is his presence!

Enough for me these eternal desires and their eternal unfulfilment.


(ਲੱਗੀਆਂ ਨਿਭਣ,)

❖ **Bhai Vir Singh**
*Translated by Prof. Puran Singh*

# ਭਾਈ ਵੀਰ ਸਿੰਘ ਸਾਹਿਤ ਵਿਚ ਨਾਰੀ ਬਿੰਬ

❖ ਕੁਲਦੀਪ ਕੌਰ ਪਾਹਵਾ*

ਭਾਈ ਵੀਰ ਸਿੰਘ ਦੇ ਸਮੁੱਚੇ ਸਾਹਿਤ ਵਿਚੋਂ ਜਿਹੜੀ ਗੱਲ ਸਪਸ਼ਟ ਰੂਪ ਵਿਚ ਪ੍ਰਤੀਪਾਦਿਤ ਹੁੰਦੀ ਹੈ; ਉਹ ਹੈ ਕਿ ਭਾਈ ਵੀਰ ਸਿੰਘ ਇਕ ਵਿਸ਼ੇਸ਼ ਉਦੇਸ਼ ਹਿਤ ਆਪਣੇ ਵਿਚਾਰਾਂ ਦਾ ਸੰਚਾਰ ਕਰਦੇ ਹਨ। ਆਪ ਦੀ ਸਮੁੱਚੀ ਰਚਨਾ ਗੁਰਮਤ ਵਿਚਾਰਧਾਰਾ ਪ੍ਰਤੀ ਪੂਰੀ ਤਰ੍ਹਾਂ ਪ੍ਰਤੀਬੱਧ ਹੈ ਇਸ ਕਰਕੇ ਆਪ ਦਾ ਸਮੁੱਚਾ ਸਾਹਿਤ ਗੁਰਮਤ ਦੀ ਫਿਲਾਸਫ਼ੀ, ਸਿੱਖ ਸਿਧਾਂਤਾਂ, ਸਿੱਖ ਇਤਿਹਾਸ ਅਤੇ ਸਿੱਖ-ਧਰਮ ਦੇ ਅਧਿਆਤਮਕ ਅਤੇ ਰਹੱਸਵਾਦੀ ਭਾਵਾਂ ਵਿਚੋਂ ਆਪਣੀ ਹੋਂਦ ਧਾਰਦਾ ਹੈ। ਹੱਥਲੇ ਪਰਚੇ ਵਿਚ ਜਦੋਂ ਅਸੀਂ ਆਪ ਦੇ ਸਾਹਿਤ ਵਿਚੋਂ ਨਾਰੀ-ਬਿੰਬ ਦੀ ਤਲਾਸ਼ ਕਰਨੀ ਹੈ ਤਾਂ ਉਸ ਲਈ ਸਾਨੂੰ ਗੁਰਮਤ ਵਿਚ ਪੇਸ਼ ਨਾਰੀ ਦੇ ਸੰਕਲਪ ਨੂੰ ਧਿਆਨ ਵਿਚ ਰੱਖਣਾ ਪਵੇਗਾ। ਗੁਰਬਾਣੀ ਵਿਚ ਔਰਤ ਨੂੰ ਇਕ ਇਨਸਾਨੀ-ਹੋਂਦ-ਮੂਲਕ ਸਥਾਨ ਪ੍ਰਾਪਤ ਹੋਇਆ ਹੈ ਕਿਉਂਕਿ ਹੁਣ ਤਕ ਦੇ ਸਾਰੇ ਅਧਿਐਨ ਇਸ ਗੱਲ ਦੀ ਸਾਖੀ ਭਰਦੇ ਹਨ ਕਿ ਵਿਸ਼ਵ-ਪੱਧਰ ਉਤੇ ਔਰਤ ਨੂੰ ਇਕ ਮਾਨਵੀ ਹੋਂਦ ਦੇ ਤੌਰ ਤੇ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਪੇਸ਼ ਕੀਤਾ ਜਦਕਿ ਅੱਜ ਵੀ ਸਾਮਾਨਯ ਤੌਰ ਤੇ ਇਹ ਮੰਨਿਆ ਜਾਂਦਾ ਹੈ ਕਿ ਨਾਰੀ ਪ੍ਰਤੀ ਚੇਤੰਨਤਾ ਨਿਰੋਲ ਪੱਛਮੀ ਗਿਆਨ ਦੀ ਹੀ ਉਪਜ ਹੈ।





ਗੁਰੂ ਸਾਹਿਬ ਨੇ ਨਾਰੀ ਨੂੰ ਮਾਨਵੀ-ਹੋਂਦ ਦੀ ਨਿਆਂਪਰਕ ਦ੍ਰਿਸ਼ਟੀ ਤੋਂ ਮਾਨਵੀ ਸਭਿਆਚਾਰ ਦੀ ਸਿਰਜਕ, ਸੰਚਾਲਕ ਅਤੇ ਪਾਲਕ ਮੰਨਦਿਆਂ ਨਵਾਂ ਸਭਿਆਚਾਰਕ ਕੋਡ ਸਥਾਪਿਤ ਕੀਤਾ। ਗੁਰਮਤਿ ਬ੍ਰਹਿਮੰਡੀ ਸੋਚ ਅਤੇ ਸੰਕਲਪ ਵਾਲੀ ਵਿਚਾਰਧਾਰਾ ਹੋਣ ਕਰਕੇ ਔਰਤ ਨੂੰ ਲਿੰਗਕ ਵਖਰੇਵਿਆਂ ਤੋਂ ਉੱਪਰ ਉਠ ਕੇ ਬ੍ਰਹਿਮੰਡੀ ਚਰਿੱਤਰ ਪ੍ਰਦਾਨ ਕਰਦਿਆਂ ਹੋਇਆਂ ਇਹ ਸਿੱਧ ਕਰਦੀ ਹੈ ਕਿ ਪਰਮ-ਤੱਤ ਹੀ ਕੇਵਲ ਪੁਰਖ ਹੈ ਬਾਕੀ ਪੂਰੀ ਸ੍ਰਿਸ਼ਟੀ ਅਤੇ ਮਾਨਵੀ ਹੋਂਦ ਨਾਰੀ-ਤੱਤ ਨਾਲ ਓਤਪ੍ਰੋਤ ਹੈ।

**ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ** (੫੯੧)

ਭਾਈ ਵੀਰ ਸਿੰਘ ਵੀ ਆਪਣੀਆਂ ਕਵਿਤਾਵਾਂ ਵਿਚ ਆਪਣੀ ਕਾਵਿ-ਮੈਂ ਨੂੰ ਇਸਤਰੀ ਭਾਵੀ ਰੂਪ ਤੋਂ ਅਭਿਵਿਅਕਤ ਕਰਦੇ ਹਨ; ਜਿਵੇਂ **ਕੰਤ ਮਹੇਲੀ** ਬਾਰਾਮਾਂਹ ਵਿਚ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ 'ਬਾਰਾਮਾਹ' (ਮਾਝ ਅਤੇ ਤੁਖਾਰੀ) ਵਿਚ ਨਾਰੀ ਰੂਪੀ ਜੀਵਾਤਮਾ ਪਰਮਾਤਮਾ (ਪੁਰਖ) ਦੇ ਵਿਯੋਗ ਵਿਚ ਤਰਲ ਭਾਵਾਂ ਦੀ ਅਭਿਵਿਅਕਤੀ ਕਰਦੀ ਹੈ:

ਗਏ ਚੇਤਰ ਮਹੀਨੇ ਕੰਤੇ ਕੀਤੀ ਤਿਆਰੀ;
ਲੀਤੇ ਤਰਲੇ ਬਥੇਰੇ ਪੇਸ਼ ਕੋਈ ਨਾ ਗਈਆ **(ਕੰਤ ਮਹੇਲੀ)**

ਇਸੇ ਤਰ੍ਹਾਂ ਹੀ **ਮੇਰੇ ਸਾਈਆਂ ਜੀਓ** ਕਾਵਿ-ਸੰਗ੍ਰਹਿ ਵਿਚਲੀਆਂ ਬਹੁਤੀਆਂ ਕਵਿਤਾਵਾਂ ਵਿਚ ਮਨੁੱਖ ਅਤੇ ਬ੍ਰਹਮ ਲਈ ਪਤੀ-ਪਤਨੀ ਦੇ ਮੈਟਾਫ਼ਰ ਦੀ ਵਰਤੋਂ ਕੀਤੀ ਹੋਈ ਮਿਲਦੀ ਹੈ; ਜੋ ਕਿ ਗੁਰਮਤ ਵਿਚ ਪੂਰਨ ਰੂਪ ਵਿਚ ਸਥਾਪਿਤ ਅਤੇ ਪਰਵਾਨਿਤ ਹੈ। ਗੁਰੂ ਸਾਹਿਬ ਸਮਾਜਕ-ਸਭਿਆਚਾਰਕ ਨੈਤਿਕ-ਵਿਧਾਨ ਦੇ ਤਹਿਤ ਪ੍ਰੇਮ ਦਾ ਸਮਾਜ-ਪਰਵਾਨਿਤ ਰੂਪ ਪਤੀ-ਪਤਨੀ ਦੇ ਪ੍ਰੇਮ ਦੇ ਤੌਰ ਤੇ ਪੇਸ਼ ਕਰਦੇ ਹਨ; ਭਾਈ ਵੀਰ ਸਿੰਘ ਜੀ ਵੀ ਉਸੇ ਹੀ ਧਾਰਣਾ ਨੂੰ ਅੱਗੇ ਤੋਰਦੇ ਹਨ। ਉਦਾਹਰਨ ਦੇ ਤੌਰ ਤੇ ਆਪ ਦੇ ਸੰਗ੍ਰਹਿ **ਮੇਰੇ ਸਾਈਆਂ ਜੀਓ** ਦੀ ਕਵਿਤਾ 'ਲੜ ਲੱਗੀ' ਨੂੰ ਉਲੇਖਿਤ ਕੀਤਾ ਜਾ ਸਕਦਾ ਹੈ:




'ਸਾਂਈਆਂ' 'ਸਾਂਈਆਂ' ਕੂਕ ਪੁਕਾਰਾਂ
'ਤੇਰੀ' 'ਤੇਰੀ' ਦਿਆਂ ਦੁਹਾਈਆਂ
'ਆ ਮਿਲ' 'ਆ ਮਿਲ' ਲਿੱਲਾਂ ਦੇਵਾਂ;
ਵਾਰ ਵਾਰ ਏ ਦਿਆਂ ਦੁਹਾਈਆਂ:
ਤੱਕ ਨਾ ਸਾਂਈਆਂ ਮੇਰੀਆਂ ਕਮੀਆਂ।
**(ਮੇਰੇ ਸਾਈਆਂ ਜੀਓ)**

ਆਪ ਦੇ ਕਾਵਿ-ਸੰਗ੍ਰਹਿ **ਕੰਬਦੀ ਕਲਾਈ** ਵਿਚ ਉਹ ਗੀਤ ਹਨ ਜੋ ਆਪ ਨੇ ਵੱਖ-ਵੱਖ ਗੁਰਪੁਰਬਾਂ ਦੇ ਸਮੇਂ ਲਿਖੇ। ਭਾਵੇਂ ਇਹਨਾਂ ਗੀਤਾਂ ਵਿੱਚ ਗੁਰੂ ਉਸਤਤ ਕੀਤੀ ਗਈ ਹੈ ਅਤੇ ਜਨਮਸਾਖੀਆਂ ਅਤੇ ਹੋਰ ਗੁਰਇਤਿਹਾਸ ਵਿਚ ਜੋ ਗੁਰੂ ਦਾ ਅਕਸ ਸਿੱਖ ਲੋਕਮਾਨਸ ਵਿਚ ਅੰਕਤ ਸੀ ਉਸਨੂੰ ਪੇਸ਼ ਕੀਤਾ ਗਿਆ ਪਰ ਨਾਰੀ-ਭਾਵ-ਬਿਹਬਲਤਾ ਕਰਕੇ ਨਾਰੀ ਬਿੰਬ ਅੰਕਤ ਹੋਇਆ ਮਿਲਦਾ ਹੈ। ਕਾਵਿ-ਸਿਰਜਣਾ ਵਿਚ ਗੋਦਾਵਰੀ ਨਦੀ ਦੇ ਮਾਨਵੀਕਰਨ ਨਾਲ ਗੁਰੂ ਗੋਬਿੰਦ ਸਿੰਘ ਦੀ ਚਰਨ ਛੁਹ ਨਾਲ ਆਨੰਦਿਤ ਹੋਈ ਗੋਦਾਵਰੀ ਦੇ ਪ੍ਰਗੀਤਮਈ ਪ੍ਰਤੀਕਰਮ ਦੀ ਸੁੰਦਰ ਕਾਵਿ-ਅਭਿਵਿਅੰਜਨਾ ਹੋਈ ਵੇਖੀ ਜਾ ਸਕਦੀ ਹੈ:

ਨੀ ਮੈਂ ਚਰਨ ਪਰਸ ਬਉਰਾਨੀ।
ਥਰਰ ਥਰਰ ਕੁਈ ਛਿੜੀ ਥਿਰਨ ਹੈ ਲਰਜ਼ ਗਏ ਮੇਰੇ ਪਾਨੀ।
ਝਰਨ ਝਰਨ ਰਸ ਭਿੰਨੜੀ ਛੁਟ ਪਈ ਕੰਬ ਉਠੀ ਜਿਉਂ ਕਾਨੀ।
ਚਮਕ ਚਮਕ ਲਹਿਰਾਂ ਵਿਚ ਲਿਸ਼ਕੀ ਬਿਜਲੀ ਜਿਉਂ ਥੱਰਾਨੀ।
**(ਕੰਬਦੀ ਕਲਾਈ)**

ਭਾਈ ਵੀਰ ਸਿੰਘ ਦੁਆਰਾ ਰਚਿਤ ਮਹਾਂ ਕਾਵਿ **ਰਾਣਾ ਸੂਰਤ ਸਿੰਘ** ਵਿਚ ਵੀ ਇਹ ਗੱਲ ਸਪਸ਼ਟਤਾ ਨਾਲ ਉਜਾਗਰ ਹੁੰਦੀ ਹੈ ਕਿ ਭਾਈ ਵੀਰ ਸਿੰਘ ਸਾਹਿਤ ਵਿਚ ਨਾਰੀ-ਬਿੰਬ ਜੀਵਾਤਮਾ ਅਤੇ ਪਰਮਾਤਮਾ ਦੀ ਅਭੇਦਤਾ ਵਾਲਾ ਹੈ। ਰਚਨਾ ਦੇ ਆਰੰਭ ਵਿਚ ਰਾਣਾ ਸੂਰਤ ਸਿੰਘ ਦੀ ਮੌਤ ਦਾ ਜ਼ਿਕਰ ਆਉਂਦਾ ਹੈ; ਜਿੱਥੇ ਉਸਦੀ ਪਤਨੀ ਰਾਜ ਕੌਰ ਪਤੀ ਦੇ ਵਿਯੋਗ ਵਿਚ ਵਿਰਲਾਪ ਕਰਦੀ ਨਜ਼ਰ ਆਉਂਦੀ ਹੈ ਪਰ ਅੰਤ ਵਿਚ ਉਹ ਬ੍ਰਹਮ ਗਿਆਨ ਦੀ ਅਵਸਥਾ ਤਕ ਪੁੱਜ ਕੇ ਗੁਰਮਤ ਦੇ ਅਨੁਰੂਪ

ਜੀਵਾਤਮਾ ਦੇ ਤੌਰ ਤੇ ਪਰਮਾਤਮਾ ਵਿਚ ਲੀਨ ਹੋਣ ਦੀ ਆਵਸਥਾ ਵਿਚ ਪੁੱਜ ਜਾਂਦੀ ਹੈ ਜਿਸਨੂੰ ਭਾਈ ਵੀਰ ਸਿੰਘ ਵੀ ਗੁਰਮਤ ਵਾਲੇ ਬ੍ਰਹਮੀ ਕੋਡ ਵਿਚ ਇਉਂ ਅਭਿਵਿਆਕਤ ਕਰਦੇ ਹਨ:

ਆਤਮ ਅਮਰ ਸਦੀਵ-ਆਤਮ ਨ ਮਰੇ,
ਪ੍ਰੇਮ ਸੁ ਆਤਮ ਸੰਗ ਉਹ ਬੀ ਜੀਂਵਦਾ,
ਰਹੇ ਆਤਮ ਨਾਲ ਮਰਦਾ ਨਾ ਕਦੀਂ,
ਸਮਾਂ ਜੁ ਕਰੇ ਇਲਾਜ ਕਾਰੀ ਨ ਪਵੇ।

ਇਸ ਪ੍ਰਕਾਰ ਭਾਈ ਵੀਰ ਸਿੰਘ ਦੀ ਰਚਨਾ ਵਿਚਲਾ ਨਾਰੀ-ਬਿੰਬ ਗੁਰਮਤ ਅਨੁਸਾਰੀ ਹੋ ਕੇ ਆਤਮਾ ਤੋਂ ਪਰਮਾਤਮਾ ਵਿਚ ਲੀਨਤਾ ਦਾ ਸੂਚਕ ਹੈ।

ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਸਿੱਖੀ-ਸੰਕਲਪਾਂ ਦਾ ਭੌਤਿਕ ਰੂਪ ਪੇਸ਼ ਹੋਇਆ ਹੈ। ਗੁਰੂ ਗੋਬਿੰਦ ਸਿੰਘ ਤਕ ਪਹੁੰਚ ਕੇ ਸਿੱਖ-ਸਿਧਾਂਤਾਂ ਦਾ ਰੂਪਾਂਤਰਨ ਹੁੰਦਾ ਹੈ ਜਿਸ ਵਿਚ ਸਿੱਖੀ ਦਾ ਮਾਨਵਤਾ ਵਾਦੀ ਚਰਿੱਤਰ ਤੇਜੱਸਵੀ ਰੂਪ ਅਖਤਿਆਰ ਕਰ ਕੇ ਜੁਝਾਰੂ ਪ੍ਰਵਿਰਤੀ ਧਾਰਨ ਕਰ ਲੈਂਦਾ ਹੈ। ਇਸ ਪੂਰੇ ਮਹਾਂਦ੍ਰਿਸ਼ ਵਿਚ ਜੰਗਜੂ-ਕ੍ਰਾਂਤੀ ਵਾਪਰਦੀ ਹੈ ਜਿਸ ਵਿਚ ਨਾਰੀ-ਬਿੰਬ ਵੀ ਤੇਜੱਸਵੀ ਰੂਪ ਅਖਤਿਆਰ ਕਰ ਲੈਂਦਾ ਹੈ। ਗੁਰੂ ਗੋਬਿੰਦ ਸਿੰਘ ਦੇ ਵੇਲੇ ਮਾਈ ਭਾਗੋ ਵਰਗੀਆਂ ਜੁਝਾਰੂ ਬੀਬੀਆਂ ਦਾ ਵਿਆਕਤਿੱਤਵ ਸਿੱਖ ਇਤਿਹਾਸ ਦੇ ਗੌਰਵ ਵਿਚ ਤੇਜਵੰਤ ਨਾਰੀ-ਬਿੰਬ ਦਾ ਸਮਾਵੇਸ਼ ਕਰਾਉਂਦਾ ਹੈ। ਭਾਈ ਵੀਰ ਸਿੰਘ ਦੇ ਨਾਵਲਾਂ- **ਸੁੰਦਰੀ, ਬਿਜੈ ਸਿੰਘ, ਸਤਵੰਤ ਕੌਰ** ਅਤੇ **ਬਾਬਾ ਨੌਧ ਸਿੰਘ** ਵਿਚ ਔਰਤ ਨੂੰ ਇਸੇ ਦ੍ਰਿਸ਼ਟੀ ਤੋਂ ਬਿਆਨ ਕਰਨ ਦੀ ਰੁਚੀ ਜ਼ਾਹਰ ਹੁੰਦੀ ਹੈ। ਭਾਈ ਵੀਰ ਸਿੰਘ ਦਾ ਸਮਾਂ ਪੁਨਰ-ਸੁਰਜੀਤੀ ਦਾ ਕਾਲ ਸੀ ਜਿਸ ਵਿਚ 'ਸਿੰਘ ਸਭਾ ਲਹਿਰ' ਦੀ ਧਰਮ-ਸੁਧਾਰਕ ਅਤੇ ਪ੍ਰਚਾਰਕ ਨੀਤੀ ਦੀ ਧਾਰਨਾ ਮੌਜੂਦ ਸੀ ਇਸ ਲਈ ਆਪ ਦੇ ਨਾਵਲਾਂ ਵਿਚ ਧਾਰਮਿਕ ਪੱਖੋਂ ਅਧਾਰਵਾਦੀ ਅਤੇ ਆਦਰਸ਼ਵਾਦੀ ਰਚਨਾ-ਦ੍ਰਿਸ਼ਟੀ ਦਿਖਾਈ ਦਿੰਦੀ ਹੈ। ਸਿੱਖ ਧਰਮ ਵਿਚ ਸੁਧਾਰ ਦੀ ਦ੍ਰਿਸ਼ਟੀ ਤੋਂ ਭਾਈ ਵੀਰ ਸਿੰਘ ਆਪਣੇ ਸਾਹਿਤ ਵਿਚ ਸਿੱਖੀ ਦੇ ਮੂਲ ਸੰਕਲਪ ਨੂੰ ਆਧੁਨਿਕ ਭਾਸ਼ਾ ਵਿਚ ਅਤੇ ਬਿਰਤਾਂਤਕ ਸ਼ੈਲੀ ਵਿਚ ਪੇਸ਼ ਕਰਦੇ ਹੋਇ ਆਦਰਸ਼ ਸਿੱਖ (ਔਰਤ ਅਤੇ ਮਰਦ) ਦੀ ਧਾਰਨਾ ਨੂੰ ਪਰਪੱਕ ਕਰਦੇ ਨਜ਼ਰੀਂ ਆਉਂਦੇ ਹਨ। ਆਪ ਆਪਣੇ ਸਵਾਲਾਂ ਰਾਹੀਂ ਇਕ ਸਭਿਆਚਾਰਕ ਸੰਵਾਦ ਰਚਾ ਕੇ ਪੰਜਾਬੀ ਨਾਰੀ-ਬਿੰਬ ਨੂੰ ਆਦਰਸ਼ ਰੂਪ ਵਿਚ ਪ੍ਰਸਤੁਤ ਕਰਦੇ ਹਨ। ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਪਹਿਲੀ ਵਾਰੀਂ ਸਿੱਖ-ਨਾਰੀ ਦੇ ਬਿੰਬ ਨੂੰ ਪਗਭੌਤਿਕਤਾ ਤੋਂ ਭੌਤਿਕਤਾ ਵਿਚ ਰੂਪਾਂਤਰਨ ਕੀਤਾ ਗਿਆ ਮਿਲਦਾ ਹੈ ਪਰ ਨਾਰੀ ਦਾ ਆਦਰਸ਼ਕ ਰੂਪ, ਸਮਾਜਕ, ਸਭਿਆਚਾਰਕ ਪ੍ਰਸੰਗ ਵਿਚ ਨੈਤਿਕਤਾ ਅਤੇ ਅਧਿਆਤਮਕਤਾ ਦੇ ਸੁਮੇਲ ਵਿਚੋਂ ਆਪਣਾ ਅਕਸ ਧਾਰਨ ਕਰਦਾ ਹੈ। ਆਪ ਦੇ ਗਲਪੀ-ਜਗਤ ਵਿਚ ਕਲਾਤਮਕਤਾ ਤੋਂ ਵੱਧ ਸਿੱਖ ਧਰਮ ਦੇ ਸੰਪਰਦਾਈ ਰੂਪ ਨੂੰ ਤਰਜੀਹ ਦਿੱਤੀ ਗਈ ਹੈ। ਭਾਈ ਸਾਹਿਬ ਸਮਕਾਲੀ ਸਮਾਜਕ-ਯਥਾਰਥ ਅਤੇ ਅਤੀਤਕਾਲੀ-ਇਤਿਹਾਸਕ ਯਥਾਰਥ ਦੇ ਸੁਮੇਲ ਵਿਚੋਂ ਇਕ ਆਦਰਸ਼ ਨਾਰੀ-ਬਿੰਬ ਦੀ ਸਿਰਜਣਾ ਕਰਦੇ ਹਨ, ਭਾਵੇਂ ਸੁੰਦਰੀ ਹੋਵੇ, ਸਤਵੰਤ ਕੌਰ, ਸੁਸ਼ੀਲ ਕੌਰ ਜਾਂ ਸੁਭਾਗ ਜੀ ਹੋਵੇ ਪਰ ਅੰਤ ਵਿਚ ਇਹਨਾਂ ਨਾਰੀ-ਪਾਤਰਾਂ ਨੂੰ ਸਿੱਖੀ ਦੇ ਉੱਚਤਮ ਮਾਡਲ ਦੇ ਮੇਚ ਦੀਆਂ ਬਣਾ ਕੇ ਪ੍ਰਸਤੁਤ ਕਰਦੇ ਹਨ। **ਸੁੰਦਰੀ** ਨਾਵਲ ਵਿਚ ਇਕ ਅਜਿਹੀ ਹਿੰਦੂ ਘਰਾਣੇ ਦੀ ਲੜਕੀ ਸੁਰਸਤੀ ਦੀ ਕਹਾਣੀ ਹੈ ਜੋ ਆਪਣੇ ਭਰਾ ਬਲਵੰਤ ਸਿੰਘ ਦੇ ਸਿੰਘ ਸਜਣ ਤੋਂ ਪ੍ਰਭਾਵਿਤ ਹੋ ਕੇ ਅੰਮ੍ਰਿਤਪਾਨ ਕਰਕੇ ਸਿੰਘਣੀ ਸਜਦੀ ਹੈ ਤੇ ਆਪਣੀ ਬਹਾਦੁਰੀ ਦੇ ਜੌਹਰ ਦਿਖਾਉਂਦੀ ਹੈ। ਨਾਵਲ **ਸਤਵੰਤ ਕੌਰ** ਵਿਚ ਵੀ ਸਤਵੰਤ ਕੌਰ ਦਾ ਆਦਰਸ਼ ਖਾਲਸਾਈ ਨਾਰੀ-ਬਿੰਬ ਸਿਰਜਿਆ ਗਿਆ ਹੈ ਜਦੋਂ ਉਹ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਸਮੇਂ ਖੂਹ ਵਿਚ ਡਿੱਗੇ ਇਕ ਅਫ਼ਸਰ ਨੂੰ ਬਾਹਰ ਕਢਵਾ ਕੇ ਉਸਦਾ ਇਲਾਜ ਕਰਦੀ ਹੈ ਪਰ ਮਗਰੋਂ ਉਹੀ ਆਫ਼ੀਸਰ ਉਸਨੂੰ ਚੁੱਕ ਕੇ ਲੈ ਜਾਂਦਾ ਹੈ। ਇਥੋਂ ਉਸਦੀਆਂ ਦੁਸ਼ਵਾਰੀਆਂ ਅਤੇ ਬਿਖਮ ਸਥਿਤੀਆਂ, ਜਿਸ ਵਿਚ ਉਸਦਾ ਕਈ ਥਾਂਈਂ ਵਿਕਣਾ ਵੀ ਸ਼ਾਮਿਲ ਹੈ, ਦਾ ਲੰਮਾ ਸਿਲਸਿਲਾ ਜਾਰੀ ਰਹਿੰਦਾ ਹੈ ਪਰ ਉਹ ਆਪਣੇ ਸਿੱਖੀ-ਆਦਰਸ਼ ਤੋਂ ਡੋਲਦੀ ਨਹੀਂ। **ਬਾਬਾ ਨੌਧ ਸਿੰਘ** ਨਾਵਲ ਵਿਚ ਇਕ ਵਿਧਵਾ ਔਰਤ ਜਮਨਾ ਆਪਣੇ ਪਤੀ ਦੇ ਵਿਛੋੜੇ ਨਾਲ ਦੁਖੀ ਹੋ ਕਈ ਤਰ੍ਹਾਂ ਦੀਆਂ ਸਮਾਜਕ ਦੁਸ਼ਵਾਰੀਆਂ ਦਾ ਸਾਹਮਣਾ ਕਰਦੀ ਹੋਈ ਕਈ ਪਾਖੰਡੀਆਂ ਅਤੇ ਠੱਗਾਂ ਦੇ ਹੱਥੇ ਚੜ੍ਹਦੀ ਹੈ। ਫਿਰ ਜਮਨਾ ਸੰਤ ਬਾਬਾ ਨੌਧ ਸਿੰਘ ਜੀ ਦੇ ਸੰਪਰਕ ਵਿਚ ਆਉਣ ਨਾਲ 'ਸੁਭਾਗ ਜੀ' ਦੇ ਨਾਮ ਨਾਲ ਜਾਣੀ ਜਾਣ ਲਗਦੀ ਹੈ। ਇਸਦਾ ਸੁਧਾਰ ਬਾਬਾ ਨੌਧ ਸਿੰਘ ਦੇ ਸਿੱਖੀ-ਪ੍ਰੇਰਿਤ ਉਪਦੇਸ਼ਾਂ ਦੇ ਪ੍ਰਭਾਵ ਨਾਲ ਹੁੰਦਾ ਹੈ ਅਤੇ ਉਹ ਅੰਤ ਤਕ ਆਪਣੇ ਸਿੱਖੀ ਅਸੂਲਾਂ ਵਿਚ ਪੱਕੀ ਰਹਿੰਦੀ ਹੈ। ਇਸੇ ਪ੍ਰਕਾਰ ਹੀ ਭਾਈ ਵੀਰ ਸਿੰਘ ਦੇ ਨਾਵਲ **ਬਿਜੈ ਸਿੰਘ** ਵਿਚ ਵੀ ਅਠਾਰਵੀਂ ਸਦੀ ਦੇ ਸਿੱਖੀ ਜੀਵਨ ਦੇ ਹਵਾਲਿਆਂ ਵਿਚੋਂ ਸਿੱਖ-ਜੀਵਨ ਜਾਚ ਨੂੰ ਸਭ ਤੋਂ ਉੱਤਮ ਮੰਨਿਆ ਅਤੇ ਦਰਸਾਇਆ ਗਿਆ ਹੈ। ਇਕ ਹਿੰਦੂ ਧਨਾਢ ਦੀਵਾਨ ਚੂਹੜ ਮੱਲ ਦਾ ਸਭ ਤੋਂ ਛੋਟਾ ਪੁੱਤਰ ਸਿੱਖੀ ਜੀਵਨ-ਜਾਚ ਤੋਂ ਪ੍ਰਭਾਵਿਤ ਹੋ ਕੇ ਸਿੰਘ ਸਜ ਜਾਂਦਾ ਹੈ। ਦੀਵਾਨ ਚੂਹੜ ਮੱਲ ਆਪਣੇ ਪੁੱਤਰ ਰਾਮ ਲਾਲ, ਜੋ ਕਿ ਸਿੰਘ ਸਜ ਕੇ ਬਿਜੈ ਸਿੰਘ ਬਣ ਚੁਕਾ ਹੈ, ਉਸਦੀ ਪਤਨੀ ਸ਼ੀਲ ਕੌਰ ਅਤੇ ਛੇ ਵਰ੍ਹੇ ਦੇ ਬੱਚੇ ਵਰਿਆਮ ਸਿੰਘ ਸਮੇਤ ਘਰੋਂ ਕੱਢ ਦਿੰਦਾ ਹੈ, ਪਰ ਸਿੰਘ ਸਜਿਆ ਪੂਰਾ ਪਰਿਵਾਰ ਆਪਣੇ ਅਕੀਦੇ ਤੋਂ ਡੋਲਦਾ ਨਹੀਂ। ਇਸ ਵਿਚ ਸ਼ੀਲ ਕੌਰ ਦੇ ਸਿੱਖੀ-ਸ਼ੀਲ-ਚਰਿੱਤਰ ਸਦਕਾ ਉਸਦਾ ਨਾਰੀ ਬਿੰਬ ਉਪਰੋਕਤ ਸੰਦਰਭ ਵਿਚ ਸਟੀਕ ਸਿੱਧ ਹੁੰਦਾ ਹੈ।

ਉਪਰੋਕਤ ਸਾਰੀ ਚਰਚਾ ਤੋਂ ਅਸੀਂ ਸਮਝ ਸਕਦੇ ਹਾਂ ਕਿ ਭਾਈ ਵੀਰ ਸਿੰਘ ਆਪਣੇ ਬਿਰਤਾਂਤਕ ਸਾਹਿਤ, ਨਾਵਲੀ ਜਗਤ ਵਿਚ ਵੀ ਧਾਰਮਕ ਪੁਨਰ-ਸੁਰਜੀਤੀ ਦੀ ਮਨੋਰਥ ਪੂਰਤੀ ਹਿਤ ਸਿੱਖ ਧਰਮ ਦੀ ਸਦਾਚਾਰਕ ਨਿਆਂਸ਼ੀਲਤਾ ਅਤੇ ਗੌਰਵਸ਼ੀਲ ਸਵੈਮਾਨ ਦੇ ਪ੍ਰਸੰਗ ਵਿਚੋਂ ਆਪਣੇ ਅਰਥ ਗ੍ਰਹਿਣ ਕਰਦਾ ਹੈ। ਇਸ ਵਿਚ ਜੋ ਨਾਰੀ-ਬਿੰਬ ਉੱਸਰਦਾ ਹੈ ਉਹ ਸਿੱਖੀ ਵਿਚਾਰਧਾਰਾ ਅਤੇ ਸਭਿਆਚਾਰਕ-ਸਮਾਜਕ ਸਥਿਤੀਆਂ ਦੀ ਉੱਤਮਤਾ ਨੂੰ ਦਰਸਾਉਂਦਾ ਹੈ। ਨਾਵਲੀ-ਜਗਤ ਵਿਚ ਸਿੱਖੀ ਦੇ ਅਨੁਰੂਪ ਸਦਾਚਾਰਕ, ਅਤੇ ਧਾਰਮਿਕ ਉੱਤਮਤਾ ਦੇ ਦ੍ਰਿਸ਼ਟਾਂਤਾਂ ਨਾਲ ਇਸ ਆਦਰਸ਼ਕ ਸਿੱਖ ਨਾਰੀ-ਬਿੰਬ ਦੀ ਸਿਰਜਣਾ ਕੀਤੀ ਮਿਲਦੀ ਹੈ। ਨਾਇਕ-ਸੂਰਬੀਰਤਾ ਦੇ ਨਾਲ ਹੀ ਨਾਇਕਾ ਦਾ ਵੀ ਸੂਰਬੀਰਤਾ ਵਾਲਾ ਬਿੰਬ ਮੌਜੂਦ ਹੈ। ਭਾਵੇਂ ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਰੋਮਾਂਚ ਅਤੇ ਅਣਯਥਾਰਥਕ ਸਥਿਤੀਆਂ ਦੇ ਵਰਨਣ ਦੀ ਭਰਮਾਰ ਹੈ ਜੋ ਕਿ ਨਾਵਲੀ ਵਿਧਾ ਦੇ ਮਾਪਦੰਡਾਂ ਤੇ ਪੂਰੇ ਨਹੀਂ ਉਤਰਦੇ ਪਰ ਭਾਈ ਵੀਰ ਸਿੰਘ ਦੀ ਸਮੁੱਚੀ ਸਾਹਿਤ ਰਚਨਾ ਸਿੱਖ-ਸਿਧਾਂਤ, ਸਿੱਖ-ਵਿਚਾਰਧਾਰਾ ਅਤੇ ਫਲਸਫ਼ੇ ਪ੍ਰਤੀ ਪੂਰੀ ਤਰ੍ਹਾਂ ਪ੍ਰਤੀਬੱਧ ਹੈ ਇਸਲਈ ਗੁਰੂ ਨਾਨਕ ਦੇਵ ਦੇ ਨਾਰੀ ਪ੍ਰਤੀ ਉੱਤਮ ਵਿਚਾਰਾਂ ਤੋਂ ਗੁਰੂ ਗੋਬਿੰਦ ਸਿੰਘ ਤਕ ਨਾਰੀ ਦੇ ਤੇਜਵੰਤ ਅਤੇ ਜੁਝਾਰੂ ਸਰੂਪ ਦੀ ਸੰਪੂਰਨ ਅਭਿਵਿਆਕਤੀ ਮਿਲਦੀ ਹੈ।

---

*ਐਸੋਸੀਏਟ ਪ੍ਰੋਫੈਸਰ, ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਯੂਨੀਵਰਸਿਟੀ ਆਫ਼ ਦਿੱਲੀ।

❖ ❖ ❖ ❖

# ਸਰਗਰਮੀਆਂ 2021

ਅਜ ਜਦਕਿ ਅਸੀਂ ਕਰੋਨਾ ਮਹਾਂਮਾਰੀ ਦੇ ਗੰਭੀਰ ਸੰਕਟ 'ਚੋਂ ਗੁਜ਼ਰ ਰਹੇ ਹਾਂ ਤਾਂ ਅਜਿਹੇ ਸਮੇਂ ਵਿਅਕਤੀਗਤ ਇਕੱਠਾਂ ਦੇ ਰੂਪ 'ਚ ਸਰਗਰਮੀਆਂ ਕਰਨਾ ਸੰਭਵ ਨਹੀਂ ਸੀ। ਇਸ ਕਰਕੇ ਇਸ ਦੌਰਾਨ ਸਦਨ ਵਲੋਂ ਮਹੀਨਾਵਾਰ ਹੁੰਦੇ ਪ੍ਰੋਗਰਾਮਾਂ ਨੂੰ ਆਨਲਾਈਨ ਆਯੋਜਿਤ ਕੀਤਾ ਗਿਆ। ਹੇਠਾਂ ਅਸੀ ਸਦਨ ਦੀਆਂ ਇਹਨਾਂ ਸਰਗਰਮੀਆਂ ਨੂੰ ਸੰਖੇਪ 'ਚ ਦੇ ਰਹੇ ਹਾਂ।

## ਭਾਈ ਵੀਰ ਸਿੰਘ ਦਾ 148ਵਾਂ ਜਨਮ-ਦਿਵਸ



ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ ਦੇ ਵਿਦਿਆਰਥੀ ਗੁਰਬਾਣੀ ਦਾ ਮਨੋਹਰ ਕੀਰਤਨ ਕਰਦੇ ਹੋਏ।

5 ਦਸੰਬਰ ਨੂੰ ਭਾਈ ਸਾਹਿਬ ਦੇ ਜਨਮ-ਦਿਵਸ ਦਾ ਪ੍ਰੋਗਰਾਮ ਆਨਲਾਈਨ ਆਯੋਜਿਤ ਕੀਤਾ ਗਿਆ। ਇਸ ਵਿਚ ਭਾਈ ਕੁਲਤਾਰ ਸਿੰਘ ਦੇ ਜਥੇ ਵਲੋਂ ਮਨੋਹਰ ਕੀਰਤਨ ਤੋਂ ਬਾਅਦ ਭਾਈ ਪਿੰਦਰਪਾਲ ਸਿੰਘ ਨੇ ਕਥਾ-ਵਿਆਖਿਆ ਕੀਤੀ। ਸਿੱਖ ਰਿਸਰਚ ਇੰਸਟੀਟਿਊਟ ਦੇ ਸਹਿ-ਸੰਸਥਾਪਕ ਸ. ਹਰਿੰਦਰ ਸਿੰਘ ਨੇ ਭਾਈ ਸਾਹਿਬ ਦੀ ਤਤਕਾਲੀ ਦੇਣ ਨੂੰ ਉਜਾਗਰ ਕੀਤਾ ਅਤੇ ਸਰਦਾਰਨੀ ਗੁਰਸ਼ਰਨ ਕੌਰ ਨੇ ਭਾਈ ਸਾਹਿਬ ਦੀਆਂ ਪ੍ਰਕਾਸ਼ਨਾਵਾਂ ਦਾ ਵਿਮੋਚਨ ਕੀਤਾ।

## ਪੁਸਤਕ ਚਰਚਾ

ਨੈਸ਼ਨਲ ਇੰਸਟੀਟਿਊਟ ਆਫ਼ ਪੰਜਾਬ ਸਟਡੀਜ਼, ਭਾਈ ਵੀਰ ਸਿੰਘ ਸਾਹਿਤ ਸਦਨ ਵਲੋਂ ਮਹੀਨੇ ਦੇ ਹਰ ਤੀਜੇ ਸ਼ੁਕਰਵਾਰ ਅਯੋਜਿਤ ਪੁਸਤਕ ਚਰਚਾ (ਗੋਸਟਿ) ਪ੍ਰੋਗਰਾਮ ਦੇ ਤਹਿਤ 18 ਦਸੰਬਰ ਨੂੰ ਮਹਿੰਦਰ ਪਾਲ ਸਿੰਘ ਧਾਲੀਵਾਲ ਦੇ ਨਾਵਲ **ਸੋਫੀਆਂ** ਉਪਰ ਚਰਚਾ ਦਾ ਆਯੋਜਨ ਕੀਤਾ ਗਿਆ। 15 ਜਨਵਰੀ ਨੂੰ ਸ. ਸਵਰਨ ਸਿੰਘ ਕਾਹਲੋਂ ਦੀ ਪੁਸਤਕ **ਸਿੱਖਸ ਇਨ ਕਾਨਟੀਨੈਂਟਲ ਯੂਰੋਪ**, 19 ਫਰਵਰੀ ਨੂੰ ਮੈਰੀਨਾ ਵ੍ਹੀਲਰ ਦੀ ਪੁਸਤਕ **ਦ ਲਾਸਟ ਹੋਮਸਟੈਂਡ**, 19 ਮਾਰਚ ਨੂੰ ਨਛੱਤਰ ਦੇ ਨਾਵਲ **ਕਵਣੁ ਦੇਸ ਹੈ ਮੇਰਾ**, 16 ਅਪਰੈਲ ਨੂੰ ਗੁਰਬਚਨ ਸਿੰਘ ਭੁੱਲਰ ਦੀ ਪੁਸਤਕ **ਮਜਲਸ** ਅਤੇ ਇਸੇ ਲੜੀ 'ਚ 21 ਮਈ ਨੂੰ ਡਾ. ਰਵੇਲ ਸਿੰਘ ਦੀ ਨਾਟ-ਪੁਸਤਕ **ਮਰਜਾਣੀਆਂ** ਤੇ ਚਰਚਾ ਕੀਤੀ ਗਈ।

## ਵਿਸ਼ੇਸ਼ ਅੰਕ

ਸਦਨ ਭਾਈ ਸਾਹਿਬ ਦੇ ਜਨਮ-ਦਿਵਸ ਅਤੇ ਪਿਆਨਾ ਦਿਵਸ ਤੇ 'ਭਾਈ ਵੀਰ ਸਿੰਘ ਵਿਸ਼ੇਸ਼ ਅੰਕ' ਕੱਢਦਾ ਹੈ ਤੇ ਇਸੇ ਤਰ੍ਹਾਂ ਗੁਰੂ ਸਾਹਿਬਾਨ, ਭਗਤ ਜਨ ਅਤੇ ਸਾਹਿਤ ਜਗਤ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਦੀਆਂ ਸ਼ਤਾਬਦੀਆਂ ਤੇ ਵੀ ਵਿਸ਼ੇਸ਼ ਅੰਕ ਕੱਢੇ ਜਾਂਦੇ ਹਨ।

## ਗੁਰੂ ਗ੍ਰੰਥ ਸਾਹਿਬ ਰਿਸੋਰਸ ਸੈਂਟਰ

ਗੁਰੂ ਗ੍ਰੰਥ ਸਾਹਿਬ ਰਿਸੋਰਸ ਸੈਂਟਰ ਵਲੋਂ ਹਰ ਮਹੀਨੇ ਦੇ ਚੌਥੇ ਸ਼ੁਕਰਵਾਰ ਨੂੰ ਗੁਰਮਤਿ ਨਾਲ ਸੰਬੰਧਤ ਵਿਸ਼ੇ ਉਤੇ ਲੈਕਚਰ ਦਾ ਆਯੋਜਨ ਕੀਤਾ ਜਾਂਦਾ ਹੈ। 24 ਦਸੰਬਰ ਨੂੰ ਇਸ ਪ੍ਰੋਗਰਾਮ ਤਹਿਤ ਡਾ. ਜਸਪਾਲ ਸਿੰਘ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਰੇ ਚਰਚਾ ਕੀਤੀ। 29 ਜਨਵਰੀ ਨੂੰ 'ਸਿੱਖ ਵਿਚਾਰਧਾਰਾ ਅਤੇ ਜਾਤ ਦੇ ਸੁਆਲ' ਤੇ ਜੇਐਨਯੂ ਤੋਂ ਪ੍ਰੋ. ਸੁਰਿੰਦਰ ਸਿੰਘ ਜੋਧਕਾ ਨੇ ਲੈਕਚਰ ਦਿੱਤਾ। 26 ਫਰਵਰੀ ਨੂੰ ਨਨਕਾਣਾ ਸਾਹਿਬ ਸਾਕੇ ਦੀ ਸ਼ਤਾਬਦੀ ਤੇ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਵਲੋਂ ਲੈਕਚਰ ਦਿੱਤਾ ਗਿਆ ਤੇ ਇਸੇ ਤਹਿਤ 26 ਮਾਰਚ ਨੂੰ ਸਿੱਖ ਕੰਨਿਆ ਮਹਾਂਵਿਦਿਆਲਾ, ਫੀਰੋਜ਼ਪੁਰ ਤੇ ਲੇਡੀ ਸ੍ਰੀ ਰਾਮ ਕਾਲਜ ਫਾਰ ਵੂਮੈਨ, ਦਿੱਲੀ ਯੂਨੀਵਰਸਿਟੀ ਤੋਂ ਡਾ. ਤ੍ਰਿਪਤੀ ਬੱਸੀ ਨੇ ਲੈਕਚਰ ਦਿੱਤਾ। 28 ਮਈ ਨੂੰ ਉੱਘੇ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਦੀ ਜਨਮ-ਸ਼ਤਾਬਦੀ ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਡਾ. ਸੁਰਜੀਤ ਸਿੰਘ ਨੇ ਲੈਕਚਰ ਦਿੱਤਾ।

## ਯੁਵਾ ਸਾਹਿਤੀ

ਸਦਨ ਹਰ ਮਹੀਨੇ ਦੇ ਦੂਜੇ ਸ਼ੁਕਰਵਾਰ ਨੌਜਵਾਨਾਂ ਦੀਆਂ ਸਾਹਿਤਕ ਰੁਚੀਆਂ ਨੂੰ ਹੁਲਾਰਾ ਦੇਣ ਲਈ ਯੁਵਾ ਸਾਹਿਤੀ ਦੇ ਤਹਿਤ ਇਕ ਮੰਚ ਪ੍ਰਦਾਨ ਕਰਦਾ ਹੈ ਜਿਥੇ ਉਹ ਆਪਣੀ ਗਲ ਕਹਿ ਸਕਣ। ਇਸ ਲੜੀ ਤਹਿਤ 11 ਦਸੰਬਰ ਨੂੰ 'ਸਾਹਿਤ ਤੇ ਸਿਨਮਾ ਦੇ ਸੰਬੰਧਾਂ' ਤਹਿਤ ਰਾਜੀਵ ਸ਼ਰਮਾ, ਗੌਰਵ ਤੇ ਸੰਦੀਪ ਕੌਰ ਨੇ ਵਿਚਾਰ ਸਾਂਝੇ ਕੀਤੇ। 8 ਜਨਵਰੀ ਨੂੰ 'ਪੰਜਾਬੀ ਸਾਹਿਤ ਵਿਚ ਸਬਾਲਟਰਨ ਚੇਤਨਾ' ਦੇ ਤਹਿਤ ਸਤੀਸ਼ ਕੁਆਰ, ਬਲਜਿੰਦਰ ਸਿੰਘ ਅਤੇ ਸਤਵੀਰ ਸਿੰਘ ਨੇ ਵਿਚਾਰ ਸਾਂਝੇ ਕੀਤੇ। 12 ਮਾਰਚ ਨੂੰ ਹੋਏ 'ਪੰਜਾਬੀ ਸੂਫੀ ਕਾਵਿ : ਇਤਿਹਾਸ ਅਤੇ ਵਿਚਾਰਧਾਰਾ' ਤਹਿਤ ਮਨਦੀਪ ਸਿੰਘ ਤੇ ਡਾ. ਅਮਰਜੀਤ ਸਿੰਘ ਨੇ ਆਪਣੇ ਵਿਚਾਰ ਰੱਖੇ। 9 ਅਪਰੈਲ ਨੂੰ ਆਯੋਜਿਤ ਯੁਵਾ ਕਵੀ ਦਰਬਾਰ 'ਚ ਦੀਪਕ ਧਲੇਵਾਂ, ਗਗਨ ਸੰਧੂ, ਮਨਦੀਪ ਔਲਖ ਤੇ ਨਵਾਬ ਖਾਨ ਨੇ ਆਪਣੀਆਂ ਕਵਿਤਾਵਾਂ ਸੁਣਾਈਆਂ।

## ਵਿਸ਼ੇਸ਼ ਲੈਕਚਰ

ਸਦਨ ਵਲੋਂ ਖਾਸ ਮੌਕਿਆਂ ਤੇ ਵਿਸ਼ੇਸ਼ ਲੈਕਚਰ ਦਾ ਆਯੋਜਨ ਹੁੰਦਾ ਹੈ। 22 ਫਰਵਰੀ ਨੂੰ ਪ੍ਰੋ. ਪੂਰਨ ਸਿੰਘ ਦੇ ਜਨਮ-ਦਿਵਸ ਤੇ ਡਾ. ਜਸਵਿੰਦਰ ਸਿੰਘ ਨੇ ਪ੍ਰੋ. ਪੂਰਨ ਸਿੰਘ ਦੇ ਜਾਪਾਨ-ਸੰਬੰਧਾਂ ਉਪਰ ਲੈਕਚਰ ਦਿੱਤਾ। ਇਸ ਤਰ੍ਹਾਂ 6 ਮਾਰਚ ਨੂੰ ਸਿੱਖ ਇਨਸਾਈਕਲੋਪੀਡੀਆ ਦੇ ਰਚੈਤਾ ਪ੍ਰੋ. ਹਰਬੰਸ ਸਿੰਘ ਦੀ ਜਨਮ-ਸ਼ਤਾਬਦੀ ਤੇ ਲੈਕਚਰ ਦਾ ਆਯੋਜਨ ਕੀਤਾ ਗਿਆ। ਇਸ ਵਿਚ ਯੂਨੀਵਰਸਿਟੀ ਆਫ ਕੈਲੀਫੋਰਨੀਆ ਤੋਂ ਪ੍ਰੋ. ਮਾਰਕ ਜਰਗਨਜ਼ਮੇਅਰ ਨੇ ਲੈਕਚਰ ਦਿੱਤਾ ਅਤੇ ਇਸਦੀ ਪ੍ਰਧਾਨਗੀ ਰਾਜ ਸਭਾ ਦੇ ਸਾਬਕਾ ਮੈਂਬਰ ਸ. ਤਰਲੋਚਨ ਸਿੰਘ ਨੇ ਕੀਤੀ।

ਇਸ ਤੋਂ ਇਲਾਵਾ ਸਾਹਿਤ ਸਦਨ ਭਾਈ ਵੀਰ ਸਿੰਘ ਜੀ ਦੀਆਂ ਪੁਸਤਕਾਂ ਨੂੰ ਪਾਠਕਾਂ ਦੀ ਮੰਗ ਅਨੁਸਾਰ ਨਿਰੰਤਰ ਪ੍ਰਕਾਸ਼ਿਤ ਕਰਦਾ ਹੈ। ਭਾਈ ਸਾਹਿਬ ਦੀਆਂ ਤਕਰੀਬਨ 180 ਦੇ ਲਾਗੇ ਪੁਸਤਕਾਂ ਸਦਨ ਵਲੋਂ ਪ੍ਰਕਾਸ਼ਿਤ ਕੀਤੀਆਂ ਜਾ ਚੁਕੀਆਂ ਹਨ ਤੇ ਇਹਨਾਂ ਵਿਚ ਹਿੰਦੀ, ਅੰਗਰੇਜ਼ੀ ਤੇ ਹੋਰ ਭਾਰਤੀ ਭਾਸ਼ਾਵਾਂ 'ਚ ਅਨੁਵਾਦਿਤ ਪੁਸਤਕਾਂ ਵੀ ਸ਼ਾਮਲ ਹਨ। ਸਦਨ ਦੀ ਆਪਣੀ ਵੈਬਸਾਈਟ ਵੀ ਹੈ ਜਿਥੇ ਜਾ ਕੇ ਤੁਸੀਂ ਸਦਨ ਅਤੇ ਇਸਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਹਾਸਲ ਕਰ ਸਕਦੇ ਹੋ। ❖

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਕ ਸੰਗਤਰਾਸ਼ਾਂ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
ਸੰਪਾਦਕ: ਡਾ. ਮਹਿੰਦਰ ਸਿੰਘ। [ਲੇਖਕਾਂ ਦੇ ਨਿੱਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]





ਭਾਈ ਸਾਹਿਬ ਦੇ 148ਵੇਂ ਜਨਮ-ਦਿਵਸ ਤੇ ਹੋਏ ਪ੍ਰੋਗਰਾਮ ਦੌਰਾਨ ਸਰਦਾਰਨੀ ਗੁਰਸ਼ਰਨ ਕੌਰ, ਡਾ. ਮਹਿੰਦਰ ਸਿੰਘ ਦੀ ਚਿੱਤਰ-ਪੁਸਤਕ 'ਗੁਰੂ ਨਾਨਕ : ਲਾਈਫ਼ ਐਂਡ ਲੈਗੇਸੀ' ਲੋਕ-ਅਰਪਨ ਕਰਦੇ ਹੋਏ।





ਭਾਈ ਵੀਰ ਸਿੰਘ ਦੇ ਜਨਮ-ਦਿਵਸ ਦੇ ਇਸ ਪ੍ਰੋਗਰਾਮ ਤੇ ਗੁਰਦੁਆਰਾ ਸੀਸ ਗੰਜ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਕੁਲਤਾਰ ਸਿੰਘ ਦਾ ਜਥਾ ਗੁਰਬਾਣੀ ਦਾ ਰਸਭਿੰਨਾ ਕੀਰਤਨ ਕਰਦਾ ਹੋਇਆ।





ਕਹਾਣੀਕਾਰ ਕੁਲਵੰਤ ਸਿੰਘ ਵਿਰਕ ਦੀ ਜਨਮ-ਸ਼ਤਾਬਦੀ ਤੇ ਡਾ. ਸੁਰਜੀਤ ਸਿੰਘ ਨੇ ਲੈਕਚਰ ਦਿੱਤਾ ਅਤੇ ਇਸ ਦੀ ਪ੍ਰਧਾਨਗੀ ਡਾ. ਜੋਗਿੰਦਰ ਸਿੰਘ ਕੈਰੋਂ ਨੇ ਕੀਤੀ।




ਪ੍ਰੋ. ਹਰਬੰਸ ਸਿੰਘ ਦੀ ਜਨਮ-ਸ਼ਤਾਬਦੀ ਤੇ ਪ੍ਰੋ. ਮਾਰਕ ਜਰਗਨਜ਼ਮੇਅਰ ਨੇ ਲੈਕਚਰ ਦਿੱਤਾ ਅਤੇ ਇਸ ਦੀ ਪ੍ਰਧਾਨਗੀ ਸ. ਤਰਲੋਚਨ ਸਿੰਘ ਨੇ ਕੀਤੀ।




ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਦਿਵਸ ਤੇ ਡਾ. ਜਸਪਾਲ ਸਿੰਘ ਨੇ ਲੈਕਚਰ ਦਿੱਤਾ ਅਤੇ ਸ੍ਰੀ ਐਚ.ਕੇ. ਦੁਆ ਨੇ ਇਸ ਦੀ ਪ੍ਰਧਾਨਗੀ ਕੀਤੀ।




ਪ੍ਰੋ. ਪੂਰਨ ਸਿੰਘ ਦੇ ਜਨਮ-ਦਿਵਸ ਤੇ ਡਾ. ਜਸਵਿੰਦਰ ਸਿੰਘ ਨੇ ਲੈਕਚਰ ਦਿੱਤਾ ਅਤੇ ਇਸ ਦੀ ਪ੍ਰਧਾਨਗੀ ਡਾ. ਦੀਪਿੰਦਰ ਜੀਤ ਰੰਧਾਵਾ ਨੇ ਕੀਤੀ।